# ਦਫਤਰ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੇ ਹਾਊਸ ਦੀ ਸਧਾਰਨ ਮੀਟਿੰਗ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਕੋਵਿਡ-19 ਦੇ ਮੱਦੇ ਨਜ਼ਰ ਸਰਕਾਰ ਵੱਲੋਂ ਦਿੱਤੀਆਂ ਹਦਾਇਤਾਂ ਸੋਸ਼ਲ ਡਿਸਟੈਂਸਿੰਗ ਕਾਰਨ ਵੀਡਿਓ ਕਾਨਫਰਾਸਿੰਗ (zoom app download) ਰਾਂਹੀ ਮਿਤੀ 10/4/2020 ਨੂੰ ਸਵੇਰੇ 11.00 ਵਜੇ ਨਗਰ ਨਿਗਮ ਦੇ ਦਫਤਰ ਵਿੱਚ ਕੀਤੀ ਗਈ। ਹੇਠ ਲਿਖੇ ਮੈਂਬਰ ਸਾਹਿਬਾਨਾਂ ਵੱਲੋਂ ਆਪਣੇ ਮੁਬਾਇਲ ਤੇ zoom app download ਕਰਕੇ ਆਪਣੇ ਘਰ ਬੈਠ ਕੇ ਹੀ ਮੋਬਾਇਲ ਰਾਂਹੀ ਮੀਟਿੰਗ ਅਟੈਂਡ ਕੀਤੀ ਗਈ ਅਤੇ ਆਪਣੀ ਸਹਿਮਤੀ/ਸੁਝਾਅ ਦਿੱਤੇ ਗਏ।

| ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ | 17 | ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵਾਰਡ ਨੰ.17 | 33 | ਸ੍ਰੀ ਸ੍ਰਿੰਦਰ ਪਾਲ ਸਿੰਘ, ਮੈਂਬਰ ਵਾਰਡ ਨੰ.36 |
| 2 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 18 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 34 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 |
| 3 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 19 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 35 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 |
| 4 | ਸ੍ਰੀ ਨਰਾਇਣ ਸਿੰਘ ਸਿੱਧੂ, ਮੈਂਬਰ ਵਾਰਡ ਨੰ.2 | 20 | ਸ੍ਰੀ ਸਾਹਿਬੀ ਆਨੰਦ,ਮੈਂਬਰ ਵਾਰਡ ਨੰ.20 | 36 | ਸ੍ਰੀਮਤੀ ਜ਼ਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 |
| 5 | ਸ੍ਰੀਮਤੀ ਸੁਮਨ, ਮੈਂਬਰ ਵਾਰਡ ਨੰ. 3 | 21 | ਸ੍ਰੀ ਫੂਲਰਾਜ ਸਿੰਘ, ਮੈਂਬਰ ਵਾਰਡ ਨੰ. 21 | 37 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵਾਰਡ ਨੰ.41 |
| 6 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 22 | ਸ੍ਰੀ ਸਤਵੀਰ ਸਿੰਘ ਧਨੋਆ, ਮੈਂਬਰ ਵਾਰਡ ਨੰ.23 | 38 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.42 |
| 7 | ਸ੍ਰੀ ਭਾਰਤ ਭੂਸ਼ਨ ਮੈਣੀ, ਮੈਂਬਰ ਵਾਰਡ ਨੰ.5 | 23 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 39 | ਸ੍ਰੀਮਤੀ ਕਮਲਜੀਤ ਕੌਰ, ਮੈਬਰ ਵਾਰਡ ਨੰ:43 |
| 8 | ਸ੍ਰੀ ਨਛੱਤਰ ਸਿੰਘ, ਮੈਂਬਰ ਵਾਰਡ ਨੰ:6 | 24 | ਸ੍ਰੀ ਸਰਬਜੀਤ ਸਿੰਘ, ਮੈਂਬਰ ਵਾਰਡ ਨੰ.25 | 40 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵਾ.ਨੰ.44 |
| 9 | ਸ੍ਰੀਮਤੀ ਕੁਲਵੰਤ ਕੌਰ,ਮੈਂਬਰ ਵਾਰਡ ਨੰ.7 | 25 | ਸ੍ਰੀਮਤੀ ਕੁਲਵਿੰਦਰ ਕੌਰ ਰੰਗੀ, ਮੈਂਬਰ ਵ.ਨੰ.26 | 41 | ਸ੍ਰੀਮਤੀ ਰਾਜਿੰਦਰ ਕੌਰ, ਮੈਂਬਰ ਵਾਰਡ ਨੰ.46 |
| 10 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 26 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵ.ਨੰ.27 | 42 | ਸ੍ਰੀ ਸੁਖਦੇਵ ਸਿੰਘ ਪਟਵਾਰੀ, ਮੈਂਬਰ ਵ.ਨੰ.47 |
| 11 | ਸ੍ਰੀ ਅਰੁਣ ਸ਼ਰਮਾ, ਮੈਂਬਰ ਵਾਰਡ ਨੰ:9 | 27 | ਸ੍ਰੀਮਤੀ ਓਪਿੰਦਰ ਪ੍ਰੀਤ ਕੌਰ ਅਰੋੜਾ,ਮੈਂਬਰ ਵ.ਨੰ29 | 43 | ਸ੍ਰੀਮਤੀ ਕਰਮਜੀਤ ਕੌਰ, ਮੈਂਬਰ ਵਾਰਡ ਨੰ.48 |
| 12 | ਸ੍ਰੀਮਤੀ ਕੁਲਦੀਪ ਕੌਰ ਕੰਗ,ਮੈਂਬਰ ਵ.ਨੰ.10 | 28 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | 44 | ਸ੍ਰੀ ਹਰਪਾਲ ਸਿੰਘ, ਮੈਂਬਰ ਵਾਰਡ ਨੰ:50 |
| 13 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵਾਰਡ ਨੰ:11 | 29 | ਸ੍ਰੀਮਤੀ ਰਾਜ ਰਾਣੀ, ਮੈਂਬਰ ਵਾਰਡ ਨੰ.31 | | |
| 14 | ਸ੍ਰੀਮਤੀ ਜਸਪ੍ਰੀਤ ਕੌਰ, ਮੈਂਬਰ ਵਾਰਡ ਨੰ.13 | 30 | ਸ੍ਰੀ ਜਸਬੀਰ ਸਿੰਘ, ਮੈਂਬਰ ਵਾਰਡ ਨੰ.33 | | |
| 15 | ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ,ਮੈਂਬਰ ਵਾਰਡ ਨੰ.15 | 31 | ਸ੍ਰੀਮਤੀ ਰਜ਼ਨੀ ਗੋਇਲ, ਮੈ਼ਬਰ ਵਾਰਡ ਨੰ. 34 | | |
| 16 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾ ਨੰ:16 | 32 | ਸ੍ਰੀ ਪਰਵਿੰਦਰ ਸਿੰਘ,ਮੈਂਬਰ ਵਾਰਡ ਨੰ.35 | | |

ਸ੍ਰੀ ਭਾਰਤ ਭੂਸ਼ਣ ਮੈਣੀ, ਮੈਂਬਰ ਵੱਲੋਂ ਕਿਹਾ ਗਿਆ ਕਿ ਪਿਛਲੀ ਦਿਨੀਂ ਕੋਰੋਨਾ ਨਾਮਕ ਨਾਮੁਰਾਦ ਬਿਮਾਰੀ ਨਾਲ ਜੋ ਲੋਕਾਂ ਦੀ ਮੌਤ ਹੋਈ ਹੈ,ਉਹਨਾਂ ਦਾ ਬਹੁਤ ਅਫਸੋਸ਼ ਹੈ। ਜਿਸ ਤੇ ਸੋਗ ਮਤਾ ਪਾਉਂਦੇ ਹੋਏ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿਛਲੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬੱਲ ਦੇਣ।ਕੋਰੋਨਾ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਦੇ ਹੋਏ ਆਪਣਾ ਤੇ ਆਪਣੇ ਪ੍ਰੀਵਾਰ ਨੂੰ ਖਿਆਲ ਰੱਖਣ।

| Sr. No. | Resolution No. | Date of Meeting | Resolution Description | Orders of Competent Authority ਪ੍ਰਵਾਨਗੀ ਜਨਰਲ ਹਾਊਸ |
|---|---|---|---|---|
| 1 | 633 | 10.04.20 | ਮਿਉਂਸਪਲ ਕਾਰਪੋਰੇਸ਼ਨ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ 12/02/2020 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 2 | 634 | 10.04.20 | ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 12/02/2020 ਅਤੇ 23/03/2020 ਨੂੰ ਮੇਅਰ, ਨਗਰ ਨਿਗਮ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਤਾ ਨੰਬਰ 1950 ਤੋਂ 1959 ਤੱਕ ਅਤੇ ਮਤਾ ਨੰ:1960 ਤੋਂ 1976 ਤੱਕ ਵਿਚਾਰੇ ਗਏ ਹਨ, ਜੋ ਕਿ ਨਗਰ ਨਿਗਮ, ਮੋਹਾਲੀ ਦੀ ਵੈਬਸਾਈਡ www. mcmohali.org ਤੇ ਅਪਲੋਡ ਕਰ ਦਿੱਤੀ ਗਈ ਹੈ।ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 3 | 635 | 10.04.20 | **Detailed project Report for Augmentation & Rehabilitation of water supply for SAS Nagar under AMRUT Project.** (Rs.1390.54 lac)<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ.ਐਂਡ ਐਮ.) ਕਿ Shah Consultants ਵੱਲੋਂ ਐਸ.ਏ.ਐਸ. ਨਗਰ (ਮੋਹਾਲੀ) ਸ਼ਹਿਰ ਦੀ Detailed project Report for Augmentation & Rehabilitation of water supply for SAS Nagar under AMRUT Project ਤਿਆਰ ਕੀਤੀ ਗਈ ਸੀ ਜੋ Technical Advisor to C.M Govt. of Punjab ਜੀ ਵੱਲੋਂ ਪ੍ਰਵਾਨ ਕਰਨ ਉਪਰੰਤ ਮੁੱਖੀ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਜਾਬ ਵੱਲੋਂ ਪੱਤਰ ਨੰ: 7401 ਮਿਤੀ 30-10-2019 ਰਾਹੀ ਇਸ ਦਫਤਰ ਵਿਖੇ ਭੇਜੀ ਗਈ ਹੈ ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<br><br>**S.No.** \| **Sub Head** \| **Amount** | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | (Rs. In lakh) |
|---|---|---|
| 1 | Pumping Machineries at WTP's | 58.92 |
| 2 | Construction of backwash collection tank | 22.17 |
| 3 | Chlorinator R Chlorinator Room | 39.74 |
| 4 | Civil Works for SCADA room, PLC room | 17.28 |
| 5 | Pumping machinery at Boosting Stations | 93.63 |
| 6 | Construction of Boosting Stations | 155.34 |
| 7 | Pumping Mains | 193.70 |
| 8 | Electrical Works | 374.04 |
| 9 | Instrumentation & PLC works | 259.87 |
| 10 | SCADA System | 44.23 |
| 11 | Replacement of equipment for WTP 56 & 57 | 40.3 |
| 12 | Repair works at WTP | 8.06 |
| 13 | Road dismantling and restoration | 44.39 |
| 14 | Construction of toilet rooms | 6.47 |
| 15 | Provisional sum for shifting utilities | 4.16 |
| 16 | Provisional sum for electrical connections | 28.24 |
| | **Total** | **1390.54** |

**Abstract Sheet of Cost Estimate of WS. Components**

| Sr. No. | Particulars of Item | Unit | Qty. | Amount |
|---|---|---|---|---|
| | | | | **(Rs. In lakhs.)** |
| **I** | **Pumping Machinery at WTP:** | | | |
| **1** | SECTOR 56 WTP: Centrifugal Pumping Machinery-Replacement | Each | 5 | 20.28 |

| | | | | | | | | | | |
|---|---|---|---|---|---|---|---|---|---|---|
| | | | | **2** | FOR SECTOR 56 : at CWT Submersible Pump-New Pumping machinery | Each | 2 | 3.98 | | |
| | | | | **3** | SECTOR 57 WTP Group-A: Centrifugal Pumping Machinery-Replacement | Each | 3 | 10.75 | | |
| | | | | **4** | SECTOR 57 WTP Group-B: Centrifugal Pumping Machinery-Replacement | Each | 3 | 11.11 | | |
| | | | | **5** | FOR SHAHI MAJRA AREA-at CWT of WTP-57: Submersible Pump-New Pumping machinery | Each | 2 | 3.70 | | |
| | | | | **6** | SECTOR 56: Backwash Recycle Submersible Pump-New pumping machinery | Each | 2 | 4.55 | | |
| | | | | **7** | SECTOR 57: Backwash Recycle Submersible Pump-New pumping machinery | Each | 2 | 4.55 | | |
| | | | | | **Sub Total I** | | | **58.92** | | |
| | | | | | | | | | | |
| | | | | **II** | **Pumping Machinery at Boosting stations / UGSRs** | | | | | |
| | | | | **1** | PHASE-I-New Pumping machinery | Each | 3 | 14.95 | | |
| | | | | **2** | PHASE-II -New Pumping machinery | Each | 3 | 16.20 | | |
| | | | | **3** | PHASE-V-New Pumping machinery | Each | 4 | 22.25 | | |
| | | | | **4** | SECTOR 72 & 73-New Pumping machinery | Each | 2 | 10.98 | | |
| | | | | **5** | AT SECTOR 70 for Mattour Area-New Pumping machinery | Each | 3 | 16.64 | | |
| | | | | **6** | PHASE-X:<br>Booster Pumps : Centrifugal - Replacement. | Each | 4 | 12.60 | | |
| | | | | | **Sub Total II** | | | **93.63** | | |
| | | | | | | | | | | |

| | | | | |
|---|---|---|---|---|
| **III** | **Construction of UGSRs :** | | | |
| **1** | PHASE-V | | | |
| | 17.00x17.0x3.0 Mtr. (0.867ml Capacity) | Each | 1 | 43.10 |
| **2** | PHASE-I | | | |
| | 10.0x10.0x3.0 Mtr. (0.30ml Capacity) | Each | 1 | 25.53 |
| **3** | AT SECTOR 72 | | | |
| | 10.0x10.0x3.0 Mtr. (0.30ml Capacity) | Each | 1 | 25.53 |
| **4** | PHASE-II | | | |
| | 10.0x10.0x3.0 Mtr. (0.30ml Capacity) | Each | 1 | 25.53 |
| **5** | AT SECTOR 70 for Mattour Area | | | |
| | 13.0x13.0x3.0 Mtr. (0.51ml Capacity) | Each | 1 | 35.66 |
| | **Sub Total III** | | | **155.34** |
| | | | | |
| **IV** | **Pumping Main :** | | | |
| **1** | PHASE-V | | | |
| | DI K-9,300 mm.i/d. 1094.0 Mtr. | | | 44.07 |
| **2** | SECTOR 72&73 | | | |
| | DI K-9,150 mm.i/d. 545.0 Mtr. | | | 9.96 |
| **3** | For phase XI | | | |
| | DI K-9,350 mm.i/d. 2010 Mtr. | | | 91.77 |
| **4** | SECTOR 48-C | | | |
| | DI K-9,150 mm.i/d. 1130.0 Mtr. | | | 20.05 |
| **5** | FOR SECTOR 56 | | | |
| | DI K-9, 200 mm.i/d. 140 m - | | | 4.22 |
| **6** | FOR MATTOUR AREA | | | |
| | DI K-9, 200 mm.i/d. 465 m- | | | 11.41 |
| **7** | FOR SHAHI MAJRA AREA | | | |
| | DI K-9, 200 mm.i/d. 500 m - | | | 12.21 |
| | **Sub Total IV** | | | **193.70** |

| | | | | | | | | | | |
|---|---|---|---|---|---|---|---|---|---|---|
| | | | | | | | | | | |
| | | | | **V** | **Construction of Back Wash water collection tank** | | | | | |
| | | | | | Construction of 1 each back wash water collection tank at WTP 56&57, | | 2 | 22.17 | | |
| | | | | | **Sub Total V** | | | **22.17** | | |
| | | | | | | | | | | |
| | | | | **VI** | **Replacement of Equipments for WTP 56&57** | | | | | |
| | | | | **1** | Air compressor | No | 4 | 19.04 | | |
| | | | | **2** | Flash Mixer | No | 1 | 1.53 | | |
| | | | | **3** | Mixer for Flocullator | No | 4 | 12.96 | | |
| | | | | **4** | Mixer for Alum Dozing Unit | No | 4 | 2.86 | | |
| | | | | **5** | vacum pump for WTP 56 & PH X | No | 4 | 3.92 | | |
| | | | | | **Sub Total VI** | | | **40.30** | | |
| | | | | | | | | | | |
| | | | | **VII** | **Repair works** | | | | | |
| | | | | **1** | Repairing of Alum dozing Tank , Settling Tank,Painting for Electro mechanical Equiments, pipes and valves : | | Job | 8.06 | | |
| | | | | | **Sub Total VI** | | | **8.06** | | |
| | | | | | | | | | | |
| | | | | **VIII** | **Civil Works for PLC Room and SCADA Room :** | | | | | |
| | | | | **1** | SCADA Room : | | 1 | 12.00 | | |
| | | | | **2** | Construction of PLC Room : 3.64 x3.0 Mtr.(I/I) | | 2 | 5.28 | | |
| | | | | | **Sub Total VIII** | | | **17.28** | | |
| | | | | | | | | | | |
| | | | | **IX** | **Chlorinator & Chlorinator room** | | | | | |
| | | | | **1** | Chlorinator for WTP 56 and at PH-10 | No | 2 | **37.11** | | |

| | | | | | | | | | | |
|---|---|---|---|---|---|---|---|---|---|---|
| | | | | **2** | Construction of Chlorinator Room: 3.0 x2.5 m.(I/I) | | | **2.63** | | |
| | | | | | **Sub Total IX** | | | **39.74** | | |
| | | | | | | | | | | |
| | | | | **X** | **Construction of Toilet Room :** | | | | | |
| | | | | **1** | Construction of 2 Nos Toilet room at WTP 56& 57 | Each | 2 | 6.47 | | |
| | | | | | **Sub Total X** | | | **6.47** | | |
| | | | | | | | | | | |
| | | | | **XI** | **Dismantling of Road Work :** | | | | | |
| | | | | **1** | PHASE-SECTOR 72,73 | | | 0.27 | | |
| | | | | **2** | PHASE-XI | | | 1.03 | | |
| | | | | **3** | SECTOR 48-C | | | 0.57 | | |
| | | | | **4** | PHASE-5 | | | 0.55 | | |
| | | | | **5** | SECTOR-56 | | | 0.05 | | |
| | | | | **6** | FOR MATTOUR AREA supply line | | | 0.05 | | |
| | | | | **7** | SHAHI MAJRA | | | 0.25 | | |
| | | | | | **Sub Total XI** | | | **2.77** | | |
| | | | | | | | | | | |
| | | | | **XII** | **Restoration of Road work** | | | | | |
| | | | | **1** | Restoration of Road Work : BT Work. **Sub Total XII** | | | **41.62** | | |
| | | | | | | | | | | |
| | | | | | **TOTAL FOR WATER SUPPLY COMPONENTS : (A)** | | | **680.00** | | |
| | | | | | | | | | | |
| | | | | **XIII** | **Electrical Works :** | | | 374.04 | | |
| | | | | **XIV** | **Instrumentation + PLC Works :** | | | 259.87 | | |
| | | | | **XV** | **SCADA System :** | | | 44.23 | | |
| | | | | | | | | | | |
| | | | | | **TOTAL FOR ELECTRICAL WORKS: (B)** | | | **678.14** | | |
| | | | | | | | | | | |
| | | | | | **TOTAL FOR WATER SUPPLY AND ELECTRICAL : (E)** | | | **1358.14** | | |

| | | | | |
|---|---|---|---|---|
| | | | | |
| **XVI** | **Provisional Sum :** | | | |
| **1** | Provisional Sum for Shifting of Utilities : 10% of SUB TOTAL XII**---- (C)** | | | 4.16 |
| **2** | Provisional Sum for Electrical Connection**---- -(D)** | | | 28.24 |
| | **Total for Provisional sum---(F)** | | | **32.40** |
| | **Grand Total : (Amount in Lakhs) ( G )= (A+B+F)** | | | **1390.54** |
| | | | | |
| **XVII** | **Financial Share Patteren :** | | | |
| 1 | Share of Central Government (50%) of (E ) : | | | 679.07 |
| 2 | Share of State Government (30%) of (E)+ (F ) | | | 439.84 |
| 3 | Share of SAS Nagar (Mohali) Municipal Council (20%) of (E ) | | | 271.63 |
| | | | | **1390.54** |

- Total project cost works out to Rs. 1390.54 lakhs, 50% of this amount shall be under AMRUT by GOI and 30% State share and 20% by the Municipal Corporation of S.A.S Nagar.

ਵਿਸ਼ੇ ਅਧੀਨ DPR ਪ੍ਰਵਾਨਗੀ ਹਿੱਤ State level high power steering committee ਦੀ ਮੀਟਿੰਗ ਵਿੱਚ ਰੱਖੀ ਗਈ ਸੀ। ਜਿਸ ਤੇ ਵਧੀਕ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਵੱਲੋਂ ਹਦਾਇਤਾ ਜਾਰੀ ਕੀਤੀਆ ਗਈਆ ਸਨ ਕਿ ਇਸ DPR ਵਿੱਚ ਲਏ ਗਏ ਉਪਬੰਧਾ ਦੀ ਓਪਰੇਸ਼ਨ ਅਤੇ ਮੇਨਟੀਨੇਸ਼ ਦੀ ਲਾਗਤ ਵੀ ਸਾਮਿਲ ਕਰਕੇ DPR Advisor Technical Govt. of Punjab ਤੋਂ ਵੈਟ ਕਰਵਾਉਣ ਉਪਰੰਤ ਦੁਬਾਰਾ ਪ੍ਰਵਾਨਗੀ ਹਿੱਤ ਭੇਜੀ ਜਾਵੇ।ਇਹਨਾਂ ਹੁਕਮਾਂ ਦੀ ਪਾਲਣਾ ਵਿੱਚ PDMC AMRUT (Shah consultants Pvt. ltd ) ਵੱਲੋਂ ਵਿਸੇ ਅਧੀਨ DPR ਵਿੱਚ ਲਏ ਗਏ Electrical Instruments & SCADA System ਦੀ ਓਪਰੇਸ਼ਨ ਅਤੇ ਮੇਨਟੀਨੇਸ਼ ਦੀ ਲਾਗਤ 157.56 ਲੱਖ ਦਾ ਉਪਬੰਧ ਕਰਨ ਉਪਰੰਤ ਇਹ DPR ਵੈਟਿੰਗ ਲਈ Advisor Technical Govt. of Punjab ਜੀ ਨੂੰ ਭੇਜੀ ਗਈ।ਜਿਸ ਤੇ ਉਹਨਾਂ ਵੱਲੋਂ ਪੱਤਰ ਨੰ: AT/2019/ DWSS/1190 DT: 28-02-2020 ਰਾਂਹੀ ਕੁਝ ਇਤਰਾਜ ਲਗਾ ਕੇ HOD, DWSS Mohali ਜੀ ਨੂੰ ਭੇਜੇ ਗਏ ਸਨ।

| | | | | |
|---|---|---|---|---|
| | | | HOD, DWSS Mohali ਜੀ ਵੱਲੋਂ ਪੱਤਰ ਨੰ: 1348 ਮਿਤੀ 05-03-2020 ਰਾਂਹੀ ਇਸ ਦਫ਼ਤਰ ਨੂੰ ਲਿਖਿਆ ਗਿਆ ਹੈ ਕਿ:-<br><br>"The revised DPR of the subject cited scheme was forwarded to Advisor (Technical) to Government of Punjab vide this office letter no. 935 dated 17.02.2020. The Advisor (Tech) to Government of Punjab vide letter under reference has made some observations and the points related to M.C S.A.S Nagar are as under,<br><br>i. DPR amounting to Rs. 1390.54 Lac (and not the SCADA, electric O&M portion) has been approved by Municipal Corporation SAS Nagar in its meeting dated 26.12.2019, however 'no mention' of the remaining portion of the work in the MC limit to be taken in phase-2 has been made in the proceedings.<br>ii. MC-SAS Nagar should also check whether the remaining area of the MC limit be taken under phase-2 on a later stage.<br>iii. The complete DPR including the SCADA, electric O&M part should be approved by MC SAS Nagar.<br>iv. The cost of SCADA, electric O&M part is not forthcoming in the 'Financial Share Pattern'.<br><br>You are requested to get the DPR approved along with the O&M part of SACADA system i.e Rs. 1390.54 Lac capital cost + Rs. 157.56 Lac for O&M of SCADA system and also mention about the remaining work to be done in the Phase-2. "<br><br>ਮਾਨਯੋਗ ਮੁੱਖੀ DWSS, Mohali ਜੀ ਵੱਲੋਂ ਉਕਤ ਪੱਤਰ ਰਾਂਹੀ ਲਿਖੇ ਗਏ ਉਪਰੋਕਤ ਨੁਕਤਿਆ ਸਬੰਧੀ ਦੱਸਿਆ ਜ਼ਾਂਦਾ ਹੈ ਕਿ:-<br><br>1) ਨਗਰ ਨਿਗਮ ਵੱਲੋਂ ਵਿਸੇ ਅਧੀਨ DPR ਦੀ ਨਗਰ ਨਿਗਮ ਦੇ ਹਾਊਸ ਵੱਲੋਂ ਮਤਾ ਨੰ: 575 ਮਿਤੀ 26-12-2019 ਰਾਂਹੀ ਪ੍ਰਵਾਨਗੀ ਦਿੱਤੀ ਗਈ ਸੀ। ਇਸ DPR ਵਿੱਚ PDMC (AMRUT) Shah consultants Pvt. ltd ਵੱਲੋਂ State level high power steering committee ਦੀਆਂ ਹਦਾਇਤਾਂ ਅਨੁਸਾਰ Electrical Instruments & SCADA System ਦੀ ਓਪਰੇਸ਼ਨ ਅਤੇ ਮੇਨਟੀਨੇਸ਼ ਦੀ ਲਾਗਤ 157.56 ਲੱਖ ਦਾ ਉਪਬੰਧ ਸ਼ਾਮਿਲ ਕੀਤਾ ਗਿਆ ਹੈ। ਇਹ ਓਪਰੇਸ਼ਨ ਅਤੇ ਮੇਨਟੀਨੇਸ਼ ਦੀ ਲਾਗਤ DPR ਦੀ ਅਸਲ ਲਾਗਤ ਵਿੱਚ ਗਰਾਂਟ ਲਈ ਵਿਚਾਰੇ ਜਾਣ ਲਈ ਸਾਮਿਲ ਨਹੀਂ ਹੋਵੇਗੀ ਅਤੇ ਇਸਦਾ ਖਰਚਾ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ। | |

<table>
<tr>
<td></td>
<td></td>
<td></td>
<td>2) ਨਗਰ ਨਿਗਮ ਵੱਲੋਂ ਮਤਾ ਨੰ: 575 ਮਿਤੀ 26-12-2019 ਰਾਂਹੀ ਪ੍ਰਵਾਨ ਕੀਤੀ ਗਈ ਵਿਸ਼ੇ ਅਧੀਨ DPR ਤੋਂ ਇਲਾਵਾ ਸ਼ਹਿਰ ਦੇ ਬਚਦੇ ਹਿੱਸੇ ਵਿੱਚ ਜ਼ੋ ਹੋਰ ਕੰਮ ਕਰਵਾਇਆ ਜਾਵੇਗਾ, ਉਸ ਨੂੰ ਇਸ DPR ਦੇ ਦੂਜੇ ਚਰਨ ਵਿੱਚ ਵਿਚਾਰਿਆ ਜਾਵੇਗਾ।<br><br>ਇਹ ਸਕੀਮ ਮਿਤੀ 31-03-2020 ਨੂੰ ਖਤਮ ਹੋ ਰਹੀ ਹੈ, ਇਸ ਕੰਮ ਦੀ ਇਸ ਦਫਤਰ ਵੱਲੋਂ ਸਹਿਮਤੀ ਦੇਣ ਉਪਰੰਤ ਇਹ ਪ੍ਰੋਜੈਕਟ Technical Sub Committee AMRUT ਤੋ ਪ੍ਰਵਾਨ ਹੋਣ ਉਪਰੰਤ State level high power steering committee ਤੋ ਪ੍ਰਵਾਨ ਹੋਣੀ ਹੈ ਜਿਸ ਉਪਰੰਤ ਇਸ ਕੰਮ ਦੇ ਟੈਂਡਰ ਲਗਾਏ ਜਾਣੇ ਹਨ। ਇਸ ਲਈ ਇਸ ਰਿਪੋਰਟ ਦੀ ਹਾਊਸ ਤੋਂ ਪ੍ਰਵਾਨਗੀ ਹੋਣ ਦੀ ਆਸ ਵਿੱਚ ਸਰਕਾਰ ਨੂੰ Technical Sub Committee ਅਤੇ State level high power steering committee ਵਿੱਚ ਵਿਚਾਰਨ ਹਿੱਤ ਸਰਕਾਰ ਨੂੰ ਭੇਜਣ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 09.03.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਭੇਜਿਆ ਗਿਆ, ਜਿੰਨ੍ਹਾ ਵੱਲੋਂ ਇਸ ਦੀ ਅਗੇਤੀ ਪ੍ਰਵਾਨਗੀ ਮਿਤੀ 09.03.2020 ਦੇ ਦਿੱਤੀ ਗਈ, ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td>
<td></td>
</tr>
<tr>
<td>4</td>
<td>636</td>
<td>10.04.20</td>
<td>ਆਊਟਸੋਰਸ ਰਾਹੀਂ ਮੈਨਪਾਵਰ ਲੈਣ ਲਈ ਏਜੰਸੀ ਦੀ ਚੋਣ ਕਰਨ ਵਾਸਤੇ ਕਾਲ ਕੀਤੇ ਈ-ਟੈਂਡਰ ਦੀ ਫਾਇਨੈਂਸਿਅਲ ਬਿਡ ਵਿੱਚ ਪ੍ਰਾਪਤ ਹੋਏ ਰੇਟਾਂ ਸਬੰਧੀ।<br><br>ਰਿਪੋਰਟ ਸੁਪਰਡੈਂਟ(ਅਮਲਾ) ਕਿ ਨਗਰ ਨਿਗਮ ਵੱਲੋਂ ਆਊਟਸੋਰਸ ਰਾਹੀਂ ਮੈਨਪਾਵਰ ਲੈਣ ਲਈ ਏਜੰਸੀ ਦੀ ਚੋਣ ਕਰਨ ਲਈ ਈ-ਟੈਂਡਰ ਨੰਬਰ 420 ਮਿਤੀ 25/02/2020 ਕਾਲ ਕੀਤਾ ਗਿਆ ਸੀ। ਜਿਸਦੀ ਟੈਕਨੀਕਲ ਬਿੱਡ ਵਿੱਚ ਹੇਠ ਲਿਖੀਆਂ ਟੈਕਨੀਕਲ ਬਿੱਡ ਵਿੱਚ ਹੇਠ ਲਿਖੇ ਅਨੁਸਾਰ ਏਜੰਸੀਆਂ ਵੱਲੋਂ ਹਿੱਸਾ ਲਿਆ ਗਿਆ :-<br>1. BCL Secure Premises Pvt. Ltd., Gurgaon.<br>2. Gretis India Pvt. Ltd., Gurgaon,<br>3. Sampark Services, Chandigarh<br>4. Selectial Staffing Pvt. Ltd. Patiala.<br><br>ਉਕਤ ਚਾਰੋਂ ਟੈਂਡਰਕਰਤਾ/ ਫਰਮਾਂ ਵੱਲੋਂ ਟੈਕਨੀਕਲ ਬਿੱਡ ਦੀਆਂ ਸ਼ਰਤਾਂ ਪੂਰੀਆਂ ਕਰਦੀਆਂ ਹੋਣ ਕਾਰਨ ਇਹਨਾਂ ਦੀ ਫਾਇਨੈਂਸ਼ਿਅਲ ਬਿੱਡ ਖੋਲੀ ਗਈ। ਜਿਸ ਵਿੱਚ ਉਕਤ ਏਜੰਸੀਆਂ ਵੱਲੋਂ ਹੇਠ ਲਿਖੇ ਅਨੁਸਾਰ ਪ੍ਰੋਫਿਟ ਮਾਰਜਨ ਕੋਟ ਕੀਤਾ ਗਿਆ :-<br><br>
<table>
<tr><th>ਲੜੀ ਨੰਬਰ</th><th>ਏਜੰਸੀ/ ਫਰਮ ਦਾ ਨਾਮ</th><th>ਪ੍ਰੋਫਿਟ ਮਾਰਜਨ</th></tr>
<tr><td>1</td><td>ਬੀ.ਸੀ.ਐਲ. ਸਿਕਓਰ ਪ੍ਰਮਿਸਜ ਪ੍ਰਾਇਵੇਟ ਲਿਮਟਡ</td><td>1.25%</td></tr>
</table>
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

<table>
<tr>
<td></td>
<td></td>
<td></td>
<td>
<table>
<tr><td>2</td><td>ਗ੍ਰੇਟਿਸ ਇੰਡੀਆ ਪ੍ਰਾਇਵੇਟ ਲਿਮਟਡ ਸੂਟ ਨੰਬਰ 218-219-221, ਗੋਲਡਨ ਸਕੇਅਰ, ਬਿਲਡਿੰਗ, ਲੇਵਲ-II, ਜਿਰਕਪੁਰ-140603</td><td>2.16%</td></tr>
<tr><td>3</td><td>ਸੰਪਰਕ ਸਰਵਿਸਜ, ਹਾਉਸ ਨੰਬਰ 256, ਸੈਕਟਰ-46 ਏ, ਚੰਡੀਗੜ੍ਹ</td><td>0%</td></tr>
<tr><td>4</td><td>ਸਿਲੈਕਟਿਅਲ ਸਟਾਫਿੰਗ ਪ੍ਰਾਇਵੇਟ ਲਿਮਟਡ</td><td>0.84%</td></tr>
</table>
ਉਕਤ ਟੇਬਲ ਅਨੁਸਾਰ ਸੱਭ ਤੋਂ ਘੱਟ ਮਾਰਜਨ ਮੈਸ. ਸੰਪਰਕ ਸਰਵਿਸਜ, ਹਾਉਸ ਨੰਬਰ 256, ਸੈਕਟਰ-46 ਏ, ਚੰਡੀਗੜ੍ਹ ਵੱਲੋਂ 0% ਕੋਟ ਕੀਤਾ ਗਿਆ ਹੈ। ਇਸ ਲਈ ਸੱਭ ਤੋਂ ਘੱਟ ਮਾਰਜਨ ਵਾਲੀ ਫਰਮ/ ਏਜੰਸੀ ਮੈਸ. ਸੰਪਰਕ ਸਰਵਿਸਜ, ਹਾਉਸ ਨੰਬਰ 256, ਸੈਕਟਰ-46 ਏ, ਚੰਡੀਗੜ੍ਹ ਦੀ ਫਾਇਨੈਂਸ਼ਿਅਲ ਬਿਡ ਪ੍ਰਵਾਨ ਕਰਨੀ ਬਣਦੀ ਹੈ। ਇਸ ਲਈ ਇਸ ਏਜੰਸੀ ਵੱਲੋਂ ਪੇਸ਼ ਕੀਤੇ ਰੇਟ (ਪ੍ਰੋਫਿਟ ਮਾਰਜਨ) ਨੂੰ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਅੱਗੇ ਪ੍ਰਵਾਨਗੀ ਲਈ ਪੇਸ਼ ਕਰਨਾ ਬਣਦਾ ਹੈ ਪ੍ਰੰਤੂ ਇਸ ਕਮੇਟੀ ਦੀ ਮੀਟਿੰਗ ਹੋਣ ਵਿੱਚ ਸਮਾਂ ਲੱਗ ਸਕਦਾ ਹੈ। ਜੱਦਕਿ ਇਸ ਸਮੇਂ ਨਗਰ ਨਿਗਮ ਨੂੰ ਆਉਟਸੋਰਸ ਰਾਹੀਂ ਮੈਨਪਾਵਰ ਮੁੱਹਇਆ ਕਰਵਾਉਣ ਵਾਲੀ ਏਜੰਸੀ ਬੀ.ਸੀ.ਐਲ. ਸਿਕਓਰ ਪ੍ਰਮਿਸਜ ਪ੍ਰਾਇਵੇਟ ਲਿਮਟਡ ਨਾਲ ਹੋਏ ਇਕਰਾਰਨਾਮੇ ਦੀ ਮਿਆਦ ਮਿਤੀ 31/03/2020 ਨੂੰ ਖਤਮ ਹੋ ਰਹੀ ਹੈ। ਇਸ ਲਈ ਮੈਸ. ਸੰਪਰਕ ਸਰਵਿਸਜ, ਹਾਉਸ ਨੰਬਰ 256, ਸੈਕਟਰ-46 ਏ, ਚੰਡੀਗੜ੍ਹ ਨੂੰ ਨਗਰ ਨਿਗਮ ਵੱਲੋਂ ਇਸ ਮਿਤੀ ਤੋਂ ਪਹਿਲਾਂ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕਰਨਾ ਜਰੂਰੀ ਹੈ। ਇਸ ਲਈ ਮੈਸ. ਸੰਪਰਕ ਸਰਵਿਸਜ, ਹਾਉਸ ਨੰਬਰ 256, ਸੈਕਟਰ-46 ਏ, ਚੰਡੀਗੜ੍ਹ ਵੱਲੋਂ ਕੋਟ ਕੀਤੇ ਪ੍ਰੋਫਿਟ ਮਾਰਜਨ ਨੂੰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਪ੍ਰਵਾਨਗੀ ਦੇਣ ਦੀ ਆਸ ਵਿੱਚ ਇਸ ਏਜੰਸੀ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕਰ ਲੈਣਾ ਉਚਿੱਤ ਹੋਵੇਗਾ।ਜਿਸ ਦੀ ਪ੍ਰਵਾਨਗੀ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 27/3/2020 ਨੂੰ ਦੇਣ ਉਪਰੰਤ ਕੇਸ ਮੇਅਰ, ਨਗਰ ਨਿਗਮ ਜੀ ਨੂੰ ਭੇਜਿਆ ਗਿਆ, ਜਿਹਨਾ ਵੱਲੋਂ ਇਸਦੀ ਪ੍ਰਵਾਨਗੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਮਿਤੀ 27/3/2020 ਨੂੰ ਦਿੱਤੀ ਗਈ ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td></td>
</tr>
<tr>
<td>5</td>
<td>637</td>
<td>10.04.20</td>
<td><u>ਕੋਵਿਡ-19 ਕਾਰਨ ਲੱਗੇ ਕਰਫਿਊ ਦੇ ਸਮੇਂ ਦੌਰਾਨ ਮਕੈਨੀਕਲ ਸਵੀਪਿੰਗ ਦਾ ਕੰਮ ਦਿਨ ਵੇਲੇ ਕਰਨ ਸਬੰਧੀ।</u><br><br>
ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਮੈਨੇਜ਼ਰ, ਲਾਇਨ ਸਰਵਿਸ ਲਿਮ: ਵੱਲੋਂ ਆਪਣੇ ਪੱਤਰ ਨੰ.LSL/MCM/2019 -20/315 ਮਿਤੀ 04/04/2020 ਰਾਂਹੀ ਲਿਖਿਆ ਗਿਆ ਹੈ ਕਿ ਕੋਵਿਡ-19 ਕਾਰਨ ਪੰਜਾਬ ਵਿੱਚ ਕਰਫਿਊ ਲੱਗਿਆ ਹੋਇਆ ਹੈ, ਜਿਸ ਕਾਰਨ ਲਾਇਨ ਸਰਵਿਸ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਰਾਤ ਸਮੇਂ ਆਪਣੇ ਪਿੰਡਾਂ ਤੋਂ ਡਿਊਟੀ ਆਉਣ ਵੇਲੇ ਪੁਲਿਸ ਵੱਲੋਂ ਰੋਕਿਆ/ਵਾਪਸ ਘਰ ਭੇਜਿਆ ਜਾਂਦਾ ਹੈ। ਇਸ ਕਰਕੇ ਕਰਮਚਾਰੀਆਂ ਨੂੰ ਰਾਤ ਸਮੇਂ ਡਿਊਟੀ ਤੇ ਆਉਣ ਲਈ ਪ੍ਰੇਸ਼ਾਨੀ ਹੁੰਦੀ ਹੈ। ਸ਼ਹਿਰ ਦੀ ਸਫਾਈ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਮਕੈਨੀਕਲ ਸਵੀਪਿੰਗ ਦਾ ਕੰਮ ਰਾਤ ਦੀ ਬਜਾਏ ਕਰਫਿਊ ਦੇ ਸਮੇ਼ ਤੱਕ ਦਿਨ ਵੇਲੇ
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | ਕਰਨ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਦੱਸਣਾ ਯੋਗ ਹੈ ਕਿ ਮਕੈਨੀਕਲ ਸਵੀਪਿੰਗ ਦਿਨ ਦੀ ਬਜਾਏ ਰਾਤ ਸਮੇਂ ਕਰਵਾਉਣ ਦਾ ਮੁੱਖ ਮਕਸਦ ਰਾਤ ਸਮੇਂ ਟਰੈਫਿਕ ਦਾ ਨਾ ਹੋਣਾ ਜਾਂ ਬਹੁਤ ਘੱਟ ਹੋਣਾ। ਇਸ ਸਮੇਂ ਪੰਜਾਬ ਵਿੱਚ ਕਰਫਿਊ ਲੱਗੇ ਹੋਣ ਕਾਰਨ ਸੜਕਾਂ ਤੇ ਟਰੈਫਿਕ ਨਾ ਮਾਤਰ ਹੀ ਹੈ। ਇਸ ਲਈ ਜਦੋਂ ਤੱਕ ਪੰਜਾਬ ਵਿੱਚ ਕਰਫਿਊ ਲਾਗੂ ਹੈ, ਉਸ ਸਮੇਂ ਦੌਰਾਨ ਉਕਤ ਕੰਪਨੀ ਦੇ ਕਰਮਚਾਰੀਆਂ ਨੂੰ ਡਿਊਟੀ ਤੇ ਆਉਣ ਸਮੇਂ ਆ ਰਹੀਆਂ ਪ੍ਰੇਸ਼ਾਨੀਆਂ ਅਤੇ ਦਿਨ ਸਮੇਂ ਸੜਕਾਂ ਤੇ ਟਰੈਫਿਕ ਨਾ ਹੋਣ ਦੇ ਮੱਦੇ ਨਜ਼ਰ ਉਕਤ ਕੰਪਨੀ ਨੂੰ ਮਕੈਨੀਕਲ ਸਵੀਪਿੰਗ ਰਾਤ ਦੀ ਬਜਾਏ ਦਿਨ ਸਮੇਂ ਕਰਨ ਦੀ ਇਜ਼ਾਜਤ ਦੇਣ ਤੇ ਵਿਚਾਰ ਕੀਤਾ ਜਾ ਸਕਦਾ ਹੈ। ਪਰੰਤੂ ਅਜਿਹਾ ਕਰਨ ਲਈ ਨਗਰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਲੈਣੀ ਬਣਦੀ ਹੈ। ਕੋਵਿਡ-19 ਦੇ ਮੱਦੇ ਨਜ਼ਰ ਸਰਕਾਰ ਵੱਲੋਂ ਸੋਸ਼ਲ ਡਿਸਟੈਸਿੰਗ ਕਾਰਨ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਸਮਾਂ ਲੱਗ ਸਕਦਾ ਹੈ। ਇਸ ਲਈ ਯੋਗ ਹੋਵੇਗਾ ਕਿ ਤਜਵੀਜ਼ ਦੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪ੍ਰਵਾਨਗੀ ਮੇਅਰ, ਨਗਰ ਨਿਗਮ ਜੀ ਤੋਂ ਲੈ ਲਈ ਜਾਵੇ ਅਤੇ ਉਕਤ ਕੰਪਨੀ ਨੂੰ ਕਰਫਿਊ/ਲਾਕਡਾਊਨ ਦੇ ਸਮੇਂ ਦੌਰਾਨ ਮਕੈਨੀਕਲ ਸਵੀਪਿੰਗ ਦਾ ਕੰਮ ਰਾਤ ਦੀ ਬਜਾਏ ਦਿਨ ਸਮੇਂ ਕਰਨ ਦੀ ਇਜ਼ਾਜਤ ਦੇਣ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 04.04.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਭੇਜਿਆ ਗਿਆ, ਜਿੰਨ੍ਹਾ ਵੱਲੋਂ ਇਸ ਦੀ ਅਗੇਤੀ ਪ੍ਰਵਾਨਗੀ ਮਿਤੀ 04.04.2020 ਦੇ ਦਿੱਤੀ ਗਈ, ਜੋ ਕਿ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 6 | 638 | 10.04.20 | **ਨਗਰ ਨਿਗਮ ਦੀਆਂ ਵੱਖ-ਵੱਖ ਬਰਾਚਾਂ ਲਈ ਮਸ਼ੀਨਰੀ ਦੀ ਖ੍ਰੀਦ ਕਰਨ ਸਬੰਧੀ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ. ਐਂਡ ਐਮ.) ਕਿ ਨਗਰ ਨਿਗਮ ਵੱਲੋਂ ਸ਼ਹਿਰ ਦੀਆਂ ਸੜਕਾਂ, ਮਾਰਕੀਟਾਂ, ਪਾਰਕਾਂ, ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਸਫਾਈ ਡਿਵਲਪਮੈਂਟ ਅਤੇ ਮੇਨਟੀਨੇਂਸ ਦਾ ਕੰਮ ਕੀਤਾ ਜਾਂਦਾ ਹੈ।ਸ਼ਹਿਰ ਦੀ ਸਫਾਈ ਡਿਵਲਪਮੈਂਟ ਅਤੇ ਮੇਨਟੀਨੇਂਸ ਦਾ ਕੰਮ ਰੋਜ਼ਾਨਾ ਸੁਚਾਰੂ ਢੰਗ ਨਾਲ ਚਲਾਉਣ ਲਈ ਵੱਖ-ਵੱਖ ਬਰਾਚਾਂ ਵੱਲੋਂ ਓ.ਐਂਡ ਐਮ. ਸ਼ਾਖਾ ਨੂੰ ਭੇਜੀ ਗਈ ਮਸ਼ੀਨਰੀ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਨਵੀਂ ਮਸ਼ੀਨਰੀ (ਕੁਲ 31, ਜਿੰਨ੍ਹਾਂ ਵਿੱਚ 2 ਟਰੈਕਟਰ ਅਤੇ 1 ਜੇ.ਸੀ.ਬੀ. ਦੀ ਖਰੀਦ ਲਈ ਟੈਂਡਰ ਪ੍ਰਕ੍ਰਿਆ ਅਧੀਨ ਹਨ, ਸ਼ਾਮਲ ਹੈ) ਖਰੀਦ ਕਰਨ ਦੀ ਤਜਵੀਜ ਪੇਸ਼ ਕੀਤੀ ਗਈ।ਇਥੇ ਇਹ ਦੱਸਣਯੋਗ ਹੋਵੇਗਾ ਕਿ ਨਗਰ ਨਿਗਮ ਵਿੱਚ ਕੰਮ ਕਰ ਰਹੇ ਸਹਾਇਕ ਕਾਰਪੋਰੇਸ਼ਨ ਇੰਜੀਨੀਅਰਾਂ ਨੂੰ ਫੀਲਡ ਦੇ ਕੰਮਾਂ ਦੀ ਚੈਕਿੰਗ/ਨਿਗਰਾਨੀ ਕਰਨ ਲਈ ਰੋਜਾਨਾ ਫੀਲਡ ਵਿੱਚ ਜਾਣਾ ਪੈਂਦਾ ਹੈ ਅਤੇ ਇਹਨਾਂ ਨੂੰ ਕੋਈ ਵੀ ਟਰਾਂਸਪੋਟੇਸ਼ਨ ਅਲਾਊਂਸ ਨਹੀਂ ਦਿੱਤਾ ਜਾਂਦਾ ਹੈ।ਇਸ ਲਈ ਨਗਰ ਨਿਗਮ ਦੇ ਸਾਰੇ ਸਹਾਇਕ ਕਾਰਪੋਰੇਸ਼ਨ ਇੰਜੀਨੀਅਰਾਂ ਦੀ ਮੰਗ ਅਨੁਸਾਰ ਸਾਰੇ ਸਹਾਇਕ ਕਾਰਪੋਰੇਸ਼ਨ ਇੰਜੀਨੀਅਰਾਂ ਨੂੰ ਇੱਕ-ਇੱਕ ਬਲੈਰੋ ਪਿੱਕਅਪ ਦੇਣ ਦਾ ਉਕਤ ਤਜਵੀਜ ਵਿੱਚ ਉਪਬੰਧ ਕੀਤਾ ਗਿਆ ਤਾਂ ਜੋ ਨਗਰ ਨਿਗਮ ਦੀਆਂ ਵੱਖ-ਵੱਖ ਬਰਾਂਚਾਂ ਵੱਲੋਂ ਸ਼ਹਿਰ ਵਿੱਚ ਸੁਚਾਰੂ ਢੰਗ ਨਾਲ ਕੰਮ ਕੀਤਾ ਜਾ ਸਕੇ।<br>ਉਕਤ ਮਸ਼ੀਨਰੀ ਖਰੀਦ ਕਰਨ ਸਬੰਧੀ ਕਮਿਸ਼ਨਰ, ਨਗਰ ਨਿਗਮ ਜੀ ਨਾਲ ਡਿਸਕਸ ਕੀਤਾ ਗਿਆ ਅਤੇ ਉਹਨਾਂ ਵੱਲੋਂ ਨਗਰ ਨਿਗਮ ਦੀਆਂ ਵੱਖ-ਵੱਖ ਬਰਾਂਚਾਂ ਲਈ ਮਸ਼ੀਨਰੀ ਦੀ ਖਰੀਦ ਸਬੰਧੀ ਉਕਤ ਤਜਵੀਜ ਵਿੱਚ ਕੁਝ ਬਦਲਾਅ ਕੀਤਾ ਗਿਆ ਹੈ।ਓ.ਐਂਡ ਐਮ.ਸ਼ਾਖਾ ਵੱਲੋਂ ਕਮਿਸ਼ਨਰ, ਨਗਰ ਨਿਗਮ ਜੀ ਦੇ ਸੁਝਾਅ ਨੂੰ | ਤਜਵੀਜ਼ ਸਬੰਧੀ ਵਿਚਾਰ-ਵਟਾਦਰਾਂ ਕਰਨ ਉਪਰੰਤ ਖਰੀਦ ਕੀਤੀ ਜਾਣ ਵਾਲੀ ਮਸ਼ੀਨਰੀ ਦੇ ਡਿਟੇਲਡ ਪ੍ਰੋਫਾਰਮੇ ਵਿੱਚ ਲੜੀ ਨੰ. 7 ਤੇ ਦਰਜ਼ Tata 10 Cu. M Box tipper on TATA 16 to Chassis BS-IV ਸਬੰਧੀ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਹ 4 ਟਿੱਪਰ ਖਰੀਦਣ ਦੀ ਬਜਾਏ 3 ਖਰੀਦ ਕੀਤੇ ਜਾਣ।ਇੱਕ ਟਿੱਪਰ ਦੀ ਖਰੀਦ ਕਰਨ ਤੇ ਆਉਣ ਵਾਲਾ ਖਰਚਾ ਘੱਟਾ ਕੇ ਬਾਕੀ ਗੱਡੀਆ/ਮਸ਼ੀਨਰੀ ਦੀ ਖਰੀਦ ਕਰਨ ਅਤੇ ਇਹਨਾਂ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਸਰਬ ਸੰਮਤੀ ਨਾਲ |

ਮੁੱਖ ਰੱਖਦੇ ਹੋਏ ਨਗਰ ਨਿਗਮ ਦੀਆਂ ਵੱਖ-ਵੱਖ ਬਰਾਂਚਾਂ ਲਈ ਮਸ਼ੀਨਰੀ ਦੀ ਖਰੀਦ ਕਰਨ ਲਈ ਨਵੀਂ ਤਜਵੀਜ ਤਿਆਰ ਕੀਤੀ ਗਈ, ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| **Sr. No.** | **Branch** | **JCB** | **Tractor** | **Trolley** | **Shredder** | **Rotaweter /shrub master** | **Tipper** | **Cantor** | **Bolero pickup** | **Bolero** |
|---|---|---|---|---|---|---|---|---|---|---|
| 1) | Engineering branch | 2 | 2 | 2 | - | - | 1 | - | | 2 |
| Note: 1 No JCB for engineering branch. 1 No.JCB for Swach Bharat Muhim and 2 No.Belero for Xen. | | | | | | | | | | |
| 2) | O & M Branch | - | 1 | 1 | - | - | - | - | | |
| 3) | Electrical/ horticulture | - | 2 | 2 | 2 | 1(Rota weter) 1(shrub master) | - | - | | |
| 4) | Sanitary Branch | - | - | - | - | - | 3 | - | | |
| 5) | Tehabjari | | | | | | | 1 | | |
| 6) | MTP Branch | | | | | | | | 1 | 1 |
| | Total | 2 | 5 | 5 | 2 | 2 | 4 | 1 | 1 | 3 |

ਇਥੇ ਇਹ ਦੱਸਿਆ ਜਾਂਦਾ ਹੈ ਕਿ 2 ਟਰੈਕਟਰ ਅਤੇ 1 ਜੇ.ਸੀ.ਬੀ. ਉਕਤ ਤਜਵੀਜ ਵਿੱਚ ਸ਼ਾਮਲ ਨਹੀਂ ਕੀਤੀ ਗਈ ਕਿਉਂਕਿ ਇਹਨਾਂ ਦੀ ਖਰੀਦ ਕਰਨ ਲਈ ਟੈਂਡਰ ਪ੍ਰਕ੍ਰਿਆ ਅਧੀਨ ਹਨ। ਓ.ਐਂਡ.ਐਮ. ਸ਼ਾਖਾ ਵੱਲੋਂ ਨਗਰ ਨਿਗਮ ਦੀਆਂ ਵੱਖ-ਵੱਖ ਬਰਾਚਾਂ ਲਈ ਮਸ਼ੀਨਰੀ ਦੀ ਖਰੀਦ ਕਰਨ ਲਈ ਜੈਮ ਪੋਰਟਲ/ ਓ.ਈ.ਐਮ./ਏਜੰਸੀ ਵੱਲੋਂ ਕੁਟੈਸ਼ਨਾਂ ਪ੍ਰਾਪਤ ਕੀਤੀਆਂ ਗਈਆਂ ਹਨ। ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| Sr. No. | Name of Machinery | Quantity | Rate | Vehicle registration, Insurance etc. charges @ 15% | Rate including RC charges and other taxes | Amount |
|---|---|---|---|---|---|---|
| 1) | Backhole Loader 2WS 6 in 1 Loader Bucket 1.1 cum HDT (ACE) (ACE AX130) | 2 | 21,50,000 | 3,22,500 | 24,72,500 | 49,45,000 |
| 2) | Swaraj Tactor (SWARAJ) (SWARAj855GXDCRPS540) | 5 | 6,61,248 | 99,187 | 7,60,435 | 38,02,176 |

ਦਿੱਤੀ ਜਾਂਦੀ ਹੈ।

| | | | | | | |
|---|---|---|---|---|---|---|
| 3) | Tractor Trailer (NA) (Tractor Trailer 320) | 5 | 1,68,988 | - | 1,68,988 | 8,44,940 |
| 4) | Rotavator 6ft Regular plus (Shaktiman) (Shaktiman SRT-6) (180) MS Regular Plus (Gear Drive) | 1 | 1,21,872 | - | 1,21,872 | 1,21,872 |
| 5) | Shredder (Shaktiman) | 2 | 1,99,500 | - | 1,99,500 | 3,99,000 |
| 6) | Shrub master (Genco) (Shrub-02) | 1 | 64,500 | - | 64,500 | 64,500 |
| 7) | Tata 10 Cu. M Box tipper on TATA 16 to Chassis BS-IV | 4 | 24,90,800 | 3,73,620 | 28,64,420 | 1,14,57,680 |
| 8) | Cattle Catcher pickup (DIAMA) (DIAMACC407 Pickup) | 1 | 17,80,000 | 2,67,000 | 20,47,000 | 20,47,000 |
| 9) | Cantor (DIAMA) | 1 | 16,30,000 | 2,44,500 | 18,74,500 | 18,74,500 |
| 10) | Dog catcher on TATA Xenon (NA) (Bisariya dog catcher on TATA Xenon) | | 13,40,000 | 2,01,000 | 15,41,000 | 15,41,000 |
| 11) | D-MAX Crew (4JA1) (ISUZU) | 2 | 8,01,132 | 1,20,170 | 9,21,301 | 18,42,602 |
| 12) | Bolero Mohindra | 3 | 8,63,395 | 1,29,509 | 9,92,904 | 29,78,712 |
| | Total | | | | | 3,19,18,984 |

ਇਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀਆਂ ਵੱਖ-ਵੱਖ ਬਰਾਚਾਂ ਲਈ ਮਸ਼ੀਨਰੀ ਦੀ ਖਰੀਦ ਕਰਨ ਲਈ ਲੜੀ ਨੰ: 1 ਤੋਂ 4, 6 ਤੋਂ 8 ਅਤੇ 10 ਤੋਂ 11 ਦੇ ਰੇਟ ਜੈਮ ਪੋਰਟਲ ਤੋਂ ਪ੍ਰਾਪਤ ਕੀਤੇ ਗਏ ਹਨ। ਲੜੀ ਨੰ: 5, 9 ਤੇ 12 ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਮਸ਼ੀਨਰੀ ਜੈਮ ਪੋਰਟਲ ਤੇ ਉਪਲਬਧ ਨਹੀਂ ਹਨ, ਇਹਨਾਂ ਦੇ ਰੇਟ ਓ.ਈ.ਐਮ. ਅਤੇ ਏਜੰਸੀ ਤੋਂ ਕੁਟੈਸ਼ਨਾ ਲੈ ਕੇ ਪ੍ਰਾਪਤ ਕੀਤੇ ਗਏ ਹਨ। ਇਥੇ ਇਹ ਵੀ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਨਗਰ ਨਿਗਮ ਵਿਖੇ ਖਰੀਦ ਕੀਤੀਆ ਜਾ ਰਹੀਆ ਮਸ਼ੀਨਰੀ ਵਿੱਚ ਵਰਤੀਆ ਜਾਣ ਵਾਲੀਆ ਗੱਡੀਆ BS-IV ਟਾਈਪ ਦਾ ਇੰਜਣ ਹੈ ਜ਼ੋ ਕੇ ਭਾਰਤ ਸਰਕਾਰ ਵੱਲੋਂ ਕੁਝ ਗੱਡੀਆ ਦੇ BS-IV ਟਾਈਪ ਦੇ ਇੰਜਣ ਬੰਦ ਕਰ ਦਿੱਤੇ ਗਏ ਹਨ। ਮਾਰਕਿਟ ਵਿੱਚ BS-VI ਟਾਈਪ ਦੇ ਇੰਜਣਾ ਦੇ ਰੇਟ ਜੈਮ ਪੋਰਟਲ ਅਤੇ ਮਾਰਕਿਟ ਵਿੱਚ ਉਪਲਬਧ ਨਹੀਂ ਹਨ। ਇਸ ਲਈ ਓ.ਐਂਡ.ਐਮ. ਸ਼ਾਖਾ ਵੱਲੋਂ ਵੱਖ-ਵੱਖ ਬਰਾਚਾਂ ਲਈ ਖਰੀਦ ਕੀਤੀ ਜਾ ਰਹੀ ਮਸ਼ੀਨਰੀ BS-IV ਟਾਈਪ ਦੇ ਇੰਜਣ ਦੇ ਹੀ ਰੇਟ ਲਏ ਗਏ ਹਨ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ BS-VI ਟਾਈਪ ਦੀਆ ਗੱਡੀਆ ਦੇ ਰੇਟਾਂ ਸਬੰਧੀ ਵੱਖ-ਵੱਖ ਏਜ਼ੰਸੀਆ ਨਾਲ ਤਾਲਮੇਲ ਕੀਤਾ ਗਿਆ ਪ੍ਰੰਤੂ ਏਜ਼ੰਸੀਆਂ ਵੱਲੋਂ BS-VI ਟਾਈਪ ਦੀਆਂ ਗੱਡੀਆ ਦੇ ਰੇਟਾਂ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ। ਇਸ ਲਈ BS-IV ਟਾਈਪ ਦੀ ਗੱਡੀਆ ਦੇ ਰੇਟਾਂ ਤੋਂ BS-VI ਟਾਈਪ ਦੀਆਂ ਗੱਡੀਆਂ ਦੇ ਰੇਟਾਂ ਲਈ 20% (63,83,796/-ਰੁਪੈ) ਜਿਆਦਾ ਰੇਟ ਰੱਖਣੇ ਯੋਗ ਹੋਣਗੇ ਜੋ ਕਿ ਲੋੜ ਪੈਣ ਤੇ ਹੀ ਖਰਚੇ ਜਾਣਗੇ।

ਸੋ ਉਕਤ ਮੁਤਾਬਿਕ ਨਗਰ ਨਿਗਮ ਦੀਆਂ ਵੱਖ ਵੱਖ ਬਰਾਚਾਂ ਲਈ ਨਵੀ ਤਜਵੀਜ ਰਾਂਹੀ ਮਸ਼ੀਨਰੀ ਦੀ

| | | | | |
|---|---|---|---|---|
| | | | ਖਰੀਦ ਕਰਨ ਤੇ ਅੰਦਾਜਨ 3,19,18,984/-ਰੁਪੈ ਖਰਚ ਆਉਣ ਦੀ ਸੰਭਾਵਨਾ ਹੈ ਅਤੇ ਜੇਕਰ BS-VI ਟਾਈਪ ਦੀਆ ਗੱਡੀਆ ਦੀ ਖਰੀਦ ਕਰਨ ਲਈ ਰੇਟਾਂ ਲਈ 63,83,796/-ਰੁਪੈ ਜਿਆਦਾ ਉਪਬੰਧ ਕੀਤਾ ਗਿਆ ਹੈ ਜੋ ਕਿ ਲੋੜ ਅਨੁਸਾਰ ਖਰਚਿਆ ਜਾਵੇਗਾ।<br>ਸੋ ਉਕਤ ਰਿਪੋਰਟ ਮੁਤਾਬਿਕ ਨਗਰ ਨਿਗਮ ਦੀਆਂ ਵੱਖ-ਵੱਖ ਬਰਾਚਾਂ ਲਈ ਮਸ਼ੀਨਰੀ ਦੀ ਖਰੀਦ ਕਰਨ ਲਈ ਅੰਦਾਜਨ 3,83,02,780/-ਰੁਪੈ ਖਰਚ ਆਉਣ ਦੀ ਸੰਭਾਵਨਾ ਹੈ।ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 7 | 639 | 10.04.20 | **ਸ੍ਰੀ ਅਸ਼ੋਕ ਕੁਮਾਰ, ਜੂਨੀਅਰ ਸਹਾਇਕ, ਨਗਰ ਨਿਗਮ, ਐਸ.ਏ.ਐਸ.ਨਗਰ ਨੂੰ ਮਿਤੀ 01.06.2020 ਨੂੰ ਨੌਕਰੀ ਤੋਂ ਸਵੈ-ਇੱਛਤ ਰਿਟਾਇਰਮੈਂਟ ਦੇਣ ਸਬੰਧੀ।**<br><br>ਰਿਪੋਰਟ ਸੁਪਰਡੰਟ (ਅਮਲਾ) ਕਿ ਸ੍ਰੀ ਅਸ਼ੋਕ ਕੁਮਾਰ, ਜੂਨੀਅਰ ਸਹਾਇਕ, ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਆਪਣੀ ਦਰਖਾਸਤ ਮਿਤੀ 28.02.2020 ਰਾਹੀਂ ਬੇਨਤੀ ਕੀਤੀ ਹੈ ਕਿ ਉਸ ਦੀ ਜਨਮ ਮਿਤੀ 20.04.1973 ਹੈ ਜਿਸ ਅਨੁਸਾਰ ਉਸਦੀ ਰਿਟਾਇਰਮੈਂਟ ਮਿਤੀ 30.04.2031 ਬਣਦੀ ਹੈ ਪ੍ਰੰਤੂ ਉਹ ਘਰੇਲੂ ਨਿੱਜੀ ਕਾਰਨਾਂ ਕਰਕੇ ਅੱਗੇ ਆਪਣੀ ਸੇਵਾਵਾਂ ਦੇਣ ਵਿੱਚ ਅਸਮਰੱਥ ਹੋਣ ਕਾਰਨ ਨੌਕਰੀ ਤੋਂ ਸਵੈ-ਇੱਛਤ ਰਿਟਾਇਰਮੈਂਟ ਲੈਣਾ ਚਾਹੁੰਦਾ ਹੈ।ਉਸ ਵੱਲੋਂ ਆਪਣੀ ਦਰਖਾਸਤ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਪੰਜਾਬ ਸਿਵਲ ਸਰਵਿਸਜ (ਪ੍ਰੀਮਿਚਓਰ ਰਿਟਾਇਰਮੈਂਟ) ਰੂਲਜ 1975 ਦੇ ਸਬ ਰੂਲ 3(2) ਦੇ ਤਹਿਤ ਉਸ ਦੀ ਕੁਲ 28 ਸਾਲ ਦੀ ਕੁਆਲੀਫਾਇਡ ਸਰਵਿਸ ਵਿੱਚ 5 ਸਾਲ ਦਾ ਵੇਟੇਜ ਸ਼ਾਮਿਲ ਕਰਦੇ ਹੋਏ ਕੁਲ 28+5=33 ਸਾਲ ਦੀ ਸਰਵਿਸ ਦਾ ਬਣਦਾ ਪੈਨਸ਼ਨਰੀ ਲਾਭ ਜਿਵੇਂ ਕਿ ਪੈਨਸ਼ਨ, ਗਰੈਚੁਟੀ, ਲੀਵ ਇੰਨਕੈਸ਼ਮੈਂਟ ਆਦਿ ਦਿੰਦੇ ਹੋਏ ਮਿਤੀ 01.06.2020 ਨੂੰ ਉਸ ਨੂੰ ਨੌਕਰੀ ਤੋਂ ਸਵੈ-ਇੱਛਤ ਰਿਟਾਇਰਮੈਂਟ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਉਸ ਦੀ ਇਸ ਦਰਖਾਸਤ ਨੂੰ ਉਸਦਾ 3 ਮਹੀਨੇ ਦਾ ਅਗੇਤਾ ਨੋਟਿਸ ਮੰਨਿਆ ਜਾਵੇ ਜੀ। ਇਸ ਸਬੰਧੀ ਦੱਸਣ ਯੋਗ ਹੈ ਕਿ ਕਰਮਚਾਰੀ ਦੇ ਸਰਵਿਸ ਰਿਕਾਰਡ ਅਨੁਸਾਰ ਇਸ ਕਰਮਚਾਰੀ ਦੀ ਨਿਯੁਕਤੀ ਮਿਤੀ 01.06.1991 ਨੂੰ ਬਤੌਰ ਚੁੰਗੀ ਸੇਵਾਦਾਰ ਗਰਾਮ ਪੰਚਾਇਤ ਬਰੀਵਾਲਾ ਵਿਖੇ ਹੋਈ ਸੀ ਅਤੇ ਮਿਤੀ 01.05.1992 ਨੂੰ ਇਸ ਕਰਮਚਾਰੀ ਨੂੰ ਕਲਰਕ ਦੀ ਆਸਾਮੀ ਤੇ ਪੱਦ ਉਨਤ ਕਰ ਦਿੱਤਾ ਗਿਆ ਸੀ।ਇਸ ਉਪਰੰਤ ਇਸ ਕਰਮਚਾਰੀ ਵੱਲੋਂ ਆਪਣੀ ਬਦਲੀ ਨਗਰ ਪੰਚਾਇਤ ਬਰੀਵਾਲਾ ਤੋਂ ਇਸ ਨਗਰ ਨਿਗਮ (ਉਸ ਸਮੇਂ ਨਗਰ ਕੌਂਸਲ) ਵਿਖੇ 13.09.2001 ਨੂੰ ਕਰਵਾ ਲਈ ਸੀ।ਪੰਜਾਬ ਸਿਵਲ ਸਰਵਿਸਜ (ਪ੍ਰੀਮੈਚੀਓਰ ਰਿਟਾਇਰਮੈਂਟ) ਰੂਲਜ 1975 ਦੇ ਰੂਲ 3(2) ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਸਰਵਿਸਜ (ਰਿਕਰੂਟਮੈਂਟ ਅਤੇ ਕੰਡੀਸ਼ਨਜ ਆਫ ਸਰਵਿਸਜ) ਰੂਲਜ 1978 ਦੇ ਰੂਲ 13(iii) ਤਹਿਤ ਕੋਈ ਵੀ ਕਰਮਚਾਰੀ 25 ਸਾਲ ਦੀ ਸੇਵਾ ਜਾਂ 50 ਸਾਲ ਦੀ ਉਮਰ ਪੂਰੀ ਹੋਣ ਤੇ ਤਿੰਨ ਮਹੀਨੇ ਦਾ ਨੋਟਿਸ ਦੇਕੇ ਰਿਟਾਇਰਮੈਂਟ ਲੈ ਸਕਦਾ ਹੈ ਅਤੇ ਪੰਜਾਬ ਸਿਵਲ ਸਰਵਿਸਜ (ਪ੍ਰੀਮੈਚੀਓਰ ਰਿਟਾਇਰਮੈਂਟ) ਰੂਲਜ 1975 ਦੇ ਰੂਲ 4(2)(i) ਦੇ ਤਹਿਤ ਅਜਿਹੇ ਕਰਮਚਾਰੀ ਨੂੰ ਪੈਨਸ਼ਨ ਅਤੇ ਗਰੈਚੁਟੀ ਦਾ ਲਾਭ ਦਿੰਦੇ ਹੋਏ ਉਸ ਦੀ ਰਿਟਾਇਰਮੈਂਟ ਦੀ ਮਿਤੀ ਦੇ ਦਿਨ ਤੋਂ ਕੁਆਲੀਫਾਇੰਗ ਸਰਵਿਸ ਵਿੱਚ 5 ਸਾਲ ਤੱਕ ਦਾ ਲਾਭ ਦਿੱਤਾ ਜਾ ਸਕਦਾ ਹੈ ਬਸ਼ਰਤੇ ਕਿ ਅਜਿਹਾ ਕਰਨ ਤੇ ਕਰਮਚਾਰੀ ਦੀ ਕੁਲ ਕੁਆਲੀਫਾਇੰਗ ਸਰਵਿਸ 33 ਸਾਲ ਤੋਂ ਵੱਧ ਨਾ ਹੋਵੇ ਜਾਂ ਅਜਿਹਾ ਲਾਭ ਕਰਮਚਾਰੀ ਦੀ ਸੁਪਰਏਨੁਏਸ਼ਨ ਦੀ ਮਿਤੀ ਤੱਕ ਰਹਿੰਦੀ ਸਰਵਿਸ ਤੱਕ, ਦੋਨਾਂ ਵਿੱਚੋਂ ਜੋ ਵੀ ਘੱਟ ਹੋਵੇ, ਦਿੱਤਾ ਜਾ ਸਕਦਾ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | ਉਪਰੋਕਤ ਤੱਥਾਂ ਦੇ ਮੱਦੇ ਨਜਰ ਉਕਤ ਕਰਮਚਾਰੀ ਨੂੰ ਮਿਤੀ 31.05.2020 ਨੂੰ ਸਵੈ-ਇੱਛਤ ਸੇਵਾ-ਮੁਕਤ ਕਰਨ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰ ਹਿੱਤ ਪੇਸ਼ ਹੈ। | |
| 8 | 640 | 10.04.20 | **ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋਂ ਸ੍ਰੀ ਗੁਰਦਾਸ ਸਿੰਘ, ਸੀਵਰਮੈਨ, ਨਗਰ ਨਿਗਮ, ਫਗਵਾੜਾ ਦੀ ਬਦਲੀ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਕਰਨ ਸਬੰਧੀ।**<br><br>ਰਿਪੋਰਟ ਸੁਪਰਡੰਟ (ਅਮਲਾ) ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਦਫਤਰ ਵੱਲੋਂ ਹੁਕਮ ਮਿਤੀ 06.03.2020 ਜੋ ਕਿ ਪਿੱਠਅੰਕਣ ਨੰ: ਸ1-ਡਸਸ-ਮਸਸ-2020/121 ਮਿਤੀ 06.03.2020 ਰਾਹੀਂ ਜਾਰੀ ਕੀਤੇ ਗਏ ਹਨ, ਰਾਹੀਂ ਸ੍ਰੀ ਗੁਰਦਾਸ ਸਿੰਘ, ਸੀਵਰਮੈਨ, ਨਗਰ ਨਿਗਮ, ਫਗਵਾੜਾ ਦੀ ਬਦਲੀ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਕਰਦੇ ਹੋਏ ਹਦਾਇਤ ਕੀਤੀ ਗਈ ਹੈ ਕਿ ਇਹ ਕਰਮਚਾਰੀ ਤੁਰੰਤ ਆਪਣੇ ਆਪ ਨੂੰ ਮੌਜੂਦਾ ਸਟੇਸ਼ਨ ਤੋਂ ਰਲੀਵ ਸਮਝਣ ਅਤੇ ਇਹ ਕਰਮਚਾਰੀ ਗੈਰ-ਪ੍ਰਾਂਤੀਕਰਨ ਕੇਡਰ ਨਾਲ ਸਬੰਧਤ ਹੋਣ ਕਾਰਨ ਸਬੰਧਤ ਸ਼ਹਿਰੀ ਸਥਾਨਕ ਸੰਸਥਾਵਾਂ ਬਾਅਦ ਵਿੱਚ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਮੁਕੰਮਲ ਕਰਵਾਉਣਾ ਯਕੀਨੀ ਬਨਵਾਉਣਗੇ।ਇਸ ਸਬੰਧੀ ਦੱਸਣਯੋਗ ਹੈ ਕਿ ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿਖੇ ਕੰਮ ਕਰਦੇ ਗੈਰ- ਪ੍ਰਾਂਤੀਕਰਨ ਕਰਮਚਾਰੀਆਂ ਦੀ ਬਦਲੀ ਇਕ ਸ਼ਹਿਰੀ ਸਥਾਨਕ ਸੰਸਥਾ ਤੋਂ ਕਿਸੇ ਹੋਰ ਸ਼ਹਿਰੀ ਸਥਾਨਕ ਸੰਸਥਾ ਵਿਖੇ ਕਰਨ ਲਈ ਦੋਨੋ ਸਬੰਧਤ ਸ਼ਹਿਰੀ ਸੰਸਥਾਵਾਂ ਦੀ ਸਹਿਮਤੀ ਜਰੂਰੀ ਹੁੰਦੀ ਹੈ।ਇਸ ਲਈ ਉਕਤ ਸੀਵਰਮੈਨ ਦੀ ਬਦਲੀ ਨਗਰ ਨਿਗਮ, ਫਗਵਾੜਾ ਤੋਂ ਇਸ ਨਗਰ ਨਿਗਮ ਵਿਖੇ ਕੀਤੇ ਜਾਣ ਨੂੰ ਨਗਰ ਨਿਗਮ ਦੇ ਹਾਊਸ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਸਰਕਾਰ ਦੇ ਉਕਤ ਹੁਕਮਾਂ ਦੀ ਪਾਲਣਾ ਵਿੱਚ ਸ੍ਰੀ ਗੁਰਦਾਸ ਸਿੰਘ, ਸੀਵਰਮੈਨ ਵੱਲੋਂ ਆਪਣੀ ਹਾਜਰੀ ਰਿਪੋਰਟ ਇਸ ਨਗਰ ਨਿਗਮ ਵਿਖੇ ਮਿਤੀ 09.03.2020 ਨੂੰ ਦੁਪਹਿਰ ਤੋਂ ਪਹਿਲਾਂ ਪੇਸ਼ ਕਰ ਦਿੱਤੀ ਗਈ ਹੈ।ਇਸ ਲਈ ਇਸ ਕਰਮਚਾਰੀ ਦੀ ਇਸ ਨਗਰ ਨਿਗਮ ਵਿਖੇ ਬਦਲੀ/ ਤੈਨਾਤੀ ਨੂੰ ਕਾਰਜਬਾਅਦ ਪ੍ਰਵਾਨਗੀ ਇਸ ਸ਼ਰਤ ਤੇ ਦੇਣੀ ਬਣਦੀ ਹੈ ਕਿ ਇਸ ਨਗਰ ਨਿਗਮ ਵਿਖੇ ਇਸ ਕਰਮਚਾਰੀ ਦੀ ਸੀਨੀਆਰਤਾ ਮਿਤੀ 09.03.2020 ਤੋਂ ਲਾਗੂ ਹੋਵੇਗੀ ਭਾਵ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਕੰਮ ਕਰਦੇ ਸੀਵਰਮੈਨਾਂ ਦੀ ਸੀਨੀਆਰਤਾ ਸੂਚੀ ਲਈ ਇਸ ਕਰਮਚਾਰੀ ਨੂੰ ਨਗਰ ਨਿਗਮ, ਫਗਵਾੜਾ ਵਿਖੇ ਕੀਤੀ ਸੇਵਾ ਨੂੰ ਨਹੀਂ ਗਿਣਿਆ ਜਾਵੇਗਾ।<br>ਉਕਤ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |
| 9 | 641 | 10.04.20 | **ਨਗਰ ਨਿਗਮ ਵਿਖੇ ਆਊਟ ਸੋਰਸ ਰਾਹੀਂ ਕੰਮ ਕਰ ਰਹੀ ਦਰਜਾ-3 ਅਤੇ 4 ਦੀ ਮੈਨਪਾਵਰ ਦੀਆਂ ਸੇਵਾਵਾਂ ਮਿਤੀ 31/03/2020 ਤੋਂ ਬਾਅਦ ਜਾਰੀ ਰੱਖਣ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਨਗਰ ਨਿਗਮ ਵਿੱਖੇ ਆਉਟਸੋਰਸ ਰਾਹੀਂ ਕੰਮ ਕਰ ਰਹੀ ਮੈਨਪਾਵਰ ਦੀ ਸੇਵਾਵਾਂ ਮਿਤੀ 31/03/2020 ਤੋਂ ਬਾਅਦ 1 ਸਾਲ ਲਈ (ਮਿਤੀ 01/04/2020 ਤੋਂ ਮਿਤੀ 31/03/2021) ਤੱਕ ਲੈਣ ਲਈ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਨਗਰ ਨਿਗਮ ਦੇ ਹਾਉਸ ਵੱਲੋਂ ਮਤਾ ਨੰਬਰ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | 586 ਮਿਤੀ 26/12/2019 ਰਾਹੀਂ ਦਿੱਤੀ ਗਈ ਸੀ। ਇਸ ਮਤੇ ਦੇ ਸਬੰਧ ਵਿੱਚ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪਤੱਰ ਨੰਬਰ ਸ5-ਡਸਸ-ਮਸਸ-2020/ 8090 ਮਿਤੀ 07/02/2020 ਰਾਹੀਂ ਨਗਰ ਨਿਗਮ ਨੂੰ ਲਿਖਿਆ ਸੀ ਕਿ ਆਊਟਸੋਰਸ ਰਾਹੀਂ ਸਟਾਫ ਨੂੰ ਮਿਤੀ 31/03/2020 ਤੋਂ ਬਾਅਦ ਜਾਰੀ ਰੱਖਣ ਸਬੰਧੀ ਅਜੇ ਕੋਈ ਪੰਜਾਬ ਸਰਕਾਰ ਦੀਆਂ ਨਵੀਆਂ ਹਦਾਇਤਾਂ ਪ੍ਰਾਪਤ ਨਹੀਂ ਹੋਇਆਂ ਹਨ। ਇਸ ਲਈ ਇਸ ਸਬੰਧੀ ਸਰਕਾਰ ਵੱਲੋਂ ਜੱਦੋਂ ਵੀ ਭਵਿੱਖ ਵਿੱਚ ਕੋਈ ਹਦਾਇਤਾਂ ਜਾਰੀ ਹੁੰਦੀਆਂ ਹਨ ਤਾਂ ਉਸ ਅਨੁਸਾਰ ਮਤੇ ਦੇ ਰੂਪ ਵਿੱਚ ਵਿਚਾਰੀਆ ਜਾਵੇ। ਇੱਥੇ ਦਸੱਣਯੋਗ ਹੈ ਕਿ ਪੰਜਾਬ ਸਰਕਾਰ ਦੇ ਪਰਸੋਨਲ ਵਿਭਾਗ ਵੱਲੋਂ ਪਤੱਰ ਨੰਬਰ 12/57/2017-4ਪੀਪੀ3/366 ਮਿਤੀ 29/03/2020 ਰਾਹੀਂ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਉਹਨਾਂ ਅਨੁਸਾਰ ਵੱਖ-ਵੱਖ ਵਿਭਾਗਾਂ ਵਿੱਚ ਰੈਗੂਲਰ ਪ੍ਰਵਾਨਤ ਅਸਾਮੀਆਂ ਦੇ ਵਿਰੁੱਧ ਠੇਕਾ ਅਧਾਰਤ ਅਮਲੇ ਦੀਆਂ ਸੇਵਾਵਾਂ ਮਿਤੀ 31/03/2021 ਜਾਂ ਕੱਚੇ ਮੁਲਾਜਮਾਂ ਨੂੰ ਰੈਗੂਲਰ ਕਰਨ ਸਬੰਧੀ ਨਵੇਂ ਐਕਟ ਦੇ ਹੋਂਦ ਵਿੱਚ ਆਉਣ ਤੱਕ, ਦੋਹਾਂ ਵਿੱਚ ਜੋ ਵੀ ਪਹਿਲਾਂ ਹੋਵੇ ਤੱਕ ਵਾਧਾ ਕਰ ਦਿੱਤਾ ਜਾਵੇ ਅਤੇ ਕੰਟਰੈਕਟ ਤੇ ਕੰਮ ਕਰਦੇ ਅਜਿਹੇ ਕਰਮਚਾਰੀ ਜੋ ਰੈਗੂਲਰ ਪ੍ਰਵਾਨਤ ਅਸਾਮੀਆਂ ਦੇ ਵਿਰੁੱਧ ਤੈਨਾਤ ਨਹੀਂ ਹਨ, ਦੀਆਂ ਸੇਵਾਵਾਂ ਮਿਤੀ 31/03/2021 ਤੱਕ ਚਲਦਾ ਰੱਖਣ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਹ ਪ੍ਰਵਾਨਗੀ ਕੇਵਲ ਉਹਨਾਂ ਕੇਸਾਂ ਵਿੱਚ ਲਾਗੂ ਹੋਵੇਗੀ ਜਿਨ੍ਹਾਂ ਨੂੰ ਵਿੱਤ ਵਿਭਾਗ ਵੱਲੋਂ ਵਿੱਤੀ ਸਾਲ 2019-20 ਦੌਰਾਨ ਚਲਦਾ ਰੱਖਣ ਜਾਂ ਬਜਟ ਉਪਬੰਧ/ ਉਪਲਬਧ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸਰਕਾਰ ਦੀ ਇਹਨਾਂ ਹਦਾਇਤਾਂ ਦੇ ਮੱਦੇਨਜਰ ਨਗਰ ਨਿਗਮ ਵੱਲੋਂ ਮਤਾ ਨੰਬਰ 586 ਮਿਤੀ 26/12/2019 ਵਿੱਖ ਦਰਜ ਮੈਨਪਾਵਰ ਮਿਤੀ 01/04/2020 ਤੋਂ ਮਿਤੀ 31/03/2021 ਤੱਕ ਡੀ.ਸੀ. ਰੇਟ ਤੇ ਆਊਟਸੋਰਸ ਰਾਹੀਂ ਲੈਣ ਲਈ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਕਮਿਸ਼ਨਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਵੱਲੋਂ ਦੇਣ ਉਪਰੰਤ ਦੇ ਹਾਉਸ ਦੇ ਵਿਚਾਰ ਹਿੱਤ ਪੇਸ਼ ਹੈ। | |
| 10 | 642 | 10.04.20 | **ਆਉਣ ਵਾਲੇ ਗਰਮੀ ਦੇ ਮੌਸਮ ਵਿਚ ਸਹਿਰ ਐਸ.ਏ.ਐਸ.ਨਗਰ (ਮੋਹਾਲੀ) ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਪੀਣ ਵਾਲੇ ਪਾਣੀ ਦੀ ਬਰਬਾਦੀ ਨੂੰ ਰੋਕਣ ਸਬੰਧੀ।**<br>ਰਿਪੋਰਟ ਇੰਜੀਨੀਅਰਿੰਗ ਸਾਖਾ (ਓ ਐਂਡ ਐਮ) ਕਿ ਕਾਰਜਕਾਰੀ ਇੰਜਨੀਅਰ ਜਲ ਸਪਲਾਈ ਤੇ ਸੈਨੀਟੇਸਨ ਮੰਡਲ ਨੰ; 2 ਮੋਹਾਲੀ ਵਲੋ ਐਸ.ਏ.ਐਸ.ਨਗਰ ( ਮੋਹਾਲੀ) ਸਹਿਰ ਦੇ ਫੇਜ-1 ਤੋ11, ਸੈਕਟਰ 70,71 ਅਤੇ 48-ਸੀ , ਇੰਡਸਟਰੀਅਲ ਖੇਤਰ ਫੇਜ-1 ਤੋ 5 , ਪਿੰਡ ਮਟੌਰ , ਪਿੰਡ ਸਾਹੀ ਮਾਜਰਾ ਅਤੇ ਪਿੰਡ ਮਦਨਪੁਰਾ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ , ਦੇਖਰੇਖ ਅਤੇ ਸੰਚਾਲਣ ਕੀਤਾ ਜਾ ਰਿਹਾ ਹੈ । ਇੰਡ.ਏਰੀਆ ਫੇਜ 6 ਤੋ9 ਅਤੇ ਮੋਹਾਲੀ ਪਿੰਡ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ , ਦੇਖਰੇਖ ਅਤੇ ਸੰਚਾਲਣ ਕੀਤਾ ਜਾ ਰਿਹਾ ਹੈ । ਪਿੰਡ ਸੋਹਾਣਾ ਅਤੇ ਕੁੰਬੜਾ ਦੀ ਵ/ਸ ਅਤੇ ਸੀਵਰੇਜ ਦੀ ਦੇਖਭਾਲ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ ਨੰ: 3 ਮੋਹਾਲੀ ਵਲੋ ਕੀਤੀ ਜਾਂਦੀ ਹੈ । ਪੀਣ ਵਾਲੇ ਪਾਣੀ ਦੀ ਮੌਜੂਦਾ ਸਥਿਤੀ ਅਨੁਸਾਰ ਕਜੌਲੀ ਵਾਟਰ ਵਰਕਸ ਤੋ ਸਹਿਰ ਨੂੰ 10 ਐਮ.ਜੀ.ਡੀ. ਨਹਿਰ ਦਾ ਪਾਣੀ ਮਿਲ ਰਿਹਾ ਹੈ, ਜਿਸ ਨੂੰ ਜਲ ਸੁੱਧੀਕਰਣ ਪਲਾਟ ਸੈਕਟਰ 56 ਅਤੇ ਸੈਕਟਰ-57 ਉਪਰ ਸੁੱਧ ਅਤੇ ਸਾਫ ਕਰਨ ਉਪਰੰਤ ਮੋਹਾਲੀ ਸਹਿਰ ਵਿਚ ਪ੍ਰਦਾਨ ਕੀਤਾ ਜਾਂਦਾ ਹੈ । ਇਸ ਤੋ ਇਲਾਵਾ 3 ਐਮ.ਜੀ.ਡੀ. ਪਾਣੀ ਟਿਊਬਵੈਲਾਂ ਦੀ ਉਪਜ ਤੋਉਪਲਬਧ ਹੁੰਦਾ ਹੈ । ਇਸ ਤਰ੍ਹਾਂ ਸਹਿਰ ਲਈ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

ਕੁੱਲ 13 ਐਮ.ਜੀ.ਡੀ. ਪਾਣੀ ਉਤਪਾਦਨ ਹੁੰਦਾ ਹੈ ਜੋ ਕਿ ਕਾਫੀ ਨਹੀ ਹੈ । ਅਤਿ ਦੀ ਗਰਮੀਆਂ ਵਿਚ ਸਹਿਰ ਵਿਚ ਪਾਣੀ ਦੀ ਮੰਗ ਵੱਧ ਕੇ ਤਕਰੀਬਨ 25 ਐਮ.ਜੀ.ਡੀ. ਹੋ ਜਾਂਦੀ ਹੈ ਜੋ ਕਿ ਸਹਿਰ ਲਈ ਹੋ ਰਹੇ ਪਾਣੀ ਪੂਰਤੀ ( 13 ਐਮ.ਜੀ.ਡੀ.) ਤੋ12.00 ਐਮ.ਜੀ.ਡੀ. ਵੱਧ ਜਾਂਦੀ ਹੈ ਅਤੇ ਇਹ ਘਾਟਾ (48%) ਅਤਿ ਦੀ ਗਰਮੀ ਵਿਚ ਪਾਣੀ ਦੀ ਸਪਲਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ । ਜਿਵੇ ਕਿ ਹਰ ਪੁਰਾਣੇ ਗਰਮੀਆਂ ਦੇ ਮੌਸਮ ਦੇ ਅਨੁਭਵ ਤੋ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਐਸ.ਏ.ਐਸ.ਨਗਰ (ਮੋਹਾਲੀ) ਸਹਿਰ ਦੀ ਪਾਣੀ ਦੀ ਮੰਗ ਨੂੰ ਪੂਰਾ ਕਰਨਾ ਇੱਕ ਬਹੁਤ ਵੱਡੀ ਮੁਸਕਿਲ ਦਰ ਪੇਸ ਹੈ ।

ਉਪਰੋਕਤ ਦਰਪੇਸ ਮੁਸਕਿਲ ਦਾ ਕੁਝ ਹੱਦ ਤੱਕ ਹੱਲ ਕਰਨ ਲਈ ਇੱਸ ਦਫਤਰ ਵਲੋ ਤਜਵੀਜਤ ਕੀਤਾ ਜਾਂਦਾ ਹੈ ਕਿ ਸਵੇਰੇ ਦੀ ਜਲ ਸਪਲਾਈ ਦੌਰਾਨ ਪਾਣੀ ਬਰਬਾਦੀ ਰੋਕਣ ਲਈ ਕੁਝ ਪਾਬੰਦੀਆਂ ਲਗਾਈਆਂ ਜਾਣ ਤਾਂ ਜੋ ਪਾਣੀ ਦੀ ਸਹੀ ਢੰਗ ਨਾਲ ਵਰਤੋ ਹੋ ਸਕੇ ਅਤੇ ਘੱਟੋ ਘੱਟ ਸਵੇਰ ਦੇ ਸਮੇਂ ਪੀਣ ਵਾਲਾ ਪਾਣੀ ਹਰ ਮੰਜਿਲ ਉਪਰ ਅੱਪੜ ਸਕੇ ਅਤੇ ਸਹਿਰ ਵਸਨੀਕਾਂ ਨੂੰ ਪਾਣੀ ਦੀ ਤੰਗੀ ਮਹਿਸੂਸ ਨਾ ਹੋਵੇ । ਇਸ ਲਈ ਗਰਮੀਆਂ ਦੇ ਮੌਸਮ ਵਿਚ ਪਾਣੀ ਦੀ ਥੁੜ ਨੂੰ ਧਿਆਨ ਵਿਚ ਰੱਖਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਵੇਰੇ ਦੀ ਸਪਲਾਈ ਦੌਰਾਨ ਮਿਤੀ 15 ਅਪਰੈਲ ,2020 ਤੋ ਲੈ ਕੇ ਮਿਤੀ 30 ਜੂਨ ,2020 ਤੱਕ ਹੇਠ ਲਿਖੇ ਅਨੁਸਾਰ ਪਾਣੀ ਦੀ ਦੁਰ-ਵਰਤੋ ਕਰਨ /ਬਰਬਾਦੀ ਕਰਨ ਦੀ ਸਖਤ ਮਨਾਹੀ ਕਰਨ ਲਈ ਤਜਵੀਜ ਤਿਆਰ ਕੀਤੀ ਗਈ ਹੈ:-

1. **ਘਰ ਵਿਚ ਬਗੀਚਿਆਂ/ ਗਮਲਿਆਂ ਆਦਿ ਨੂੰ ਪਾਣੀ ਲਗਾਉਣਾ ।**
2. **ਸਕੂਟਰ/ਕਾਰਾਂ ਜਾਂ ਹੋਰ ਗੱਡੀਆਂ ਦਾ ਟੂਟੀ ਉਪਰ ਪਾਈਪ ਲਗਾ ਕੇ ਧੌਣਾ।**
3. **ਵੇਹੜੇ/ਫਰਸ/ਸੜਕਾਂ ਆਦਿ ਦਾ ਧੌਣਾ ।**
4. **ਟੁਲੂ ਪੰਪ ਦੀ ਸਿੱਧੇ ਪਾਈਪ ਲਾਈਨ ਉਪਰ ਲਗਾ ਕੇ ਵਰਤੋ ਕਰਨਾ ।**
5. **ਫਰੂਲ ਤੋ ਮੀਟਰ ਤੱਕ ਪਾਈਪ ਵਿਚ ਕੋਈ ਵੀ ਲੀਕੇਜ ।**
6. **ਘਰ ਦੇ ਛੱਤ ਉਪਰ ਰੱਖੇ ਗਏ ਟੈਂਕ / ਡੈਜਰਟ ਕੂਲਰਾਂ ਦਾ ਓਵਰ ਫਲੋਅ ਕਰਨਾ ।**

ਉਪਰੋਕਤ ਮਨਾਹੀ/ਪਾਬੰਦੀ ਨੂੰ ਲਾਗੂ ਕਰਨ ਲਈ ਹੇਠ ਲਿਖੇ ਅਨੁਸਾਰ ਵਿਧੀ ਅਪਨਾਉਣ ਦੀ ਤਜਵੀਜ ਹੈ ਜੀ

1. **ਪਹਿਲੀ ਉਲੰਘਣਾ ਉਪਰ ਖਪਤਕਾਰ ਨੂੰ 1000/- ਰੁਪੈ ਦਾ ਜੁਰਮਾਨਾ ਕੀਤਾ ਜਾਵੇਗਾ।**
2. **ਦੂਸਰੀ ਉਲੰਘਣਾ ਕਰਨ ਉਪਰੰਤ ਖਪਤਕਾਰ ਨੂੰ ਪਹਿਲਾਂ ਦਿੱਤੇ ਹੋਏ ਨੋਟਿਸ ਦਾ ਹਵਾਲਾ ਦੇ ਕੇ 2000/- ਰੁਪੈ ਦਾ ਜੁਰਮਾਨਾ ਕੀਤਾ ਜਾਵੇਗਾ ਜਿਹੜਾ ਕਿ ਪਾਣੀ ਦੇ ਬਿੱਲ ਵਿਚ ਲਗਾ ਕੇ ਭੇਜਿਆ ਜਾਵੇਗਾ ।**
3. **ਤੀਸਰੀ ਵਾਰ ਉਲੰਘਣਾ ਕਰਨ ਬਾਅਦ ਖਪਤਕਾਰ ਨੂੰ ਕਿਸੇ ਹੋਰ ਨੋਟਿਸ ਦਿੱਤੇ ਬਿਨਾਂ ਉਸਦਾ ਪਾਣੀ ਦਾ ਕੁਨੈਕਸਨ ਕੱਟ ਕੇ ਸੂਚਿਤ ਕਰ ਦਿੱਤਾ ਜਾਵੇਗਾ । ਖਪਤਕਾਰ ਤੋ 5000/-ਰੁਪੈ ਜੁਰਮਾਨਾ ਅਤੇ ਹਲਫੀਆ ਬਿਆਨ ਲੈਣ ਤੋ ਬਾਅਦ ਹੀ ਦੁਬਾਰਾ ਕੁਨੈਕਸਨ ਲਗਾਉਣ ਉਪਰ ਵਿਚਾਰ ਕੀਤਾ ਜਾ ਸਕਦਾ ਹੈ ਜਿਸ ਦੇ ਪ੍ਰਤੀ ਫੈਸਲੇ ਦਾ ਅਧਿਕਾਰ ਸਿਰਫ ਨਿਗਮ ਇੰਜੀਨੀਅਰ/**

| | | | | |
|---|---|---|---|---|
| | | | **ਕਾਰਜਕਾਰੀ ਇੰਜੀਨੀਅਰ ਨੂੰ ਹੀ ਹੋਵੇਗਾ ।**<br>**ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸਿਫਾਰਸ ਕੀਤੀ ਜਾਂਦੀ ਹੈ ਕਿ ਉਕਤ ਦੱਸੇ ਅਨੁਸਾਰ ਪਾਣੀ ਦੀ ਬਰਬਾਦੀ/ ਦੁਰਵਰਤੋ ਨੂੰ ਰੋਕਣ ਲਈ ਤਜਵੀਜਤ ਕਾਰਜ-ਪ੍ਰਣਾਲੀ ਨੂੰ ਮੰਨਜੂਰੀ ਦੇਣ ਲਈ ਰਿਪੋਰਟ ਕਮਿਸਨਰ, ਨਗਰ ਨਿਗਮ ਜੀ ਰਾਂਹੀ ਹਾਊਸ ਦੇ ਵਿਚਾਰ ਹਿੱਤ ਪੇਸ ਹੈ ਤਾਂ ਜੋ ਗਰਮੀਆਂ ਦੇ ਮੌਸਮ ਵਿਚ ਪੀਣ ਵਾਲੇ ਪਾਣੀ ਦੀ ਪੂਰਤੀ ਦੇ ਸੰਕਟ ਤੋ ਰਾਹਤ ਮਿਲ ਸਕੇ ।** | |
| 11 | 643 | 10.04.20 | **ਨਗਰ ਨਿਗਮ ਮੋਹਾਲੀ ਵੱਲੋਂ ਟੈਕਸੀ ਸਟੈਂਡਾਂ ਨੂੰ ਰੈਗੂਲਾਈਜ ਕਰਨ ਦੇ ਪਾਸ ਕੀਤੇ ਗਏ ਮਤਾ ਨੰਬਰ 602 ਮਿਤੀ 26.12.2019 ਬਾਰੇ ਸਥਾਨਕ ਸਰਕਾਰ ਵੱਲੋਂ ਮੰਗੀ ਗਈ ਟਿੱਪਣੀ ਸਬੰਧੀ।**<br><br>ਰਿਪੋਰਟ ਸੁਪਰਡੰਟ (ਤਹਿਬਜਾਰੀ) ਕਿ ਦਫਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਚੱਲ ਰਹੇ ਟੈਕਸੀ ਸਟੈਂਡਾਂ ਨੂੰ ਰੈਗੂਲਾਈਜ ਕਰਨ ਸਬੰਧੀ ਦਫਤਰ ਵੱਲੋਂ ਮਾਨਯੋਗ ਹਾਊਸ ਵਿੱਚ ਵਿਚਾਰਨ ਲਈ ਪ੍ਰਸਤਾਵ ਪੇਸ਼ ਕੀਤਾ ਗਿਆ ਸੀ, ਜਿਸ ਤੇ ਹਾਊਸ ਵੱਲੋਂ ਮਤਾ ਨੰ: 602 ਮਿਤੀ 26.12.2019 ਰਾਹੀਂ ਹੇਠ ਲਿਖੇ ਅਨੁਸਾਰ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ:-<br><br>**"ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵੱਲੋਂ ਕਿਹਾ ਗਿਆ ਕਿ ਜਿਸ ਟੈਕਸੀ ਸਟੈਂਡ ਪਾਸ 20 ਗੱਡੀਆਂ ਹੋਣਗੀਆਂ, ਉਸ ਨੂੰ ਹੀ ਟੈਕਸੀ ਸਟੈਂਡ ਅਲਾਟ ਕੀਤਾ ਜਾਵੇ।ਜਿਸ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਦਫਤਰ ਵੱਲੋਂ ਤਜਵੀਜ ਕੀਤੀਆਂ ਗਈਆਂ ਸ਼ਰਤਾਂ ਦੇ ਨਾਲ ਇਹ ਸ਼ਰਤ ਵੀ ਸ਼ਾਮਲ ਕਰ ਲਈ ਜਾਵੇ ਕਿ ਘੱਟੋ-ਘੱਟ 15 ਗੱਡੀਆਂ ਵਾਲਾ ਟੈਕਸੀ ਸਟੈਂਡ ਅਲਾਟ/ ਰੈਗੂਲਾਈਜ ਕੀਤਾ ਜਾਵੇ। "**<br><br>ਇਸ ਉਪਰੰਤ ਨਗਰ ਨਿਗਮ, ਐਸ.ਏ.ਐਸ.ਨਗਰ ਦੇ ਹਾਊਸ ਦੇ ਉਕਤ ਮਤਾ ਨੰ: 602 ਮਿਤੀ 26.12.2019 ਨੂੰ ਸਰਕਾਰ ਦੀ ਮੰਨਜੂਰੀ ਲਈ ਭੇਜਿਆ ਗਿਆ ਸੀ।ਜਿਸ ਬਾਰੇ ਪੰਜਾਬ ਸਰਕਾਰ,ਸਥਾਨਕ ਸਰਕਾਰ ਵਿਭਾਗ,ਚੰਡੀਗੜ੍ਹ ਵੱਲੋਂ ਆਪਣੇ ਪੱਤਰ ਨੰ: ਸ5-ਡਸਸ-ਮਸਸ-2020/8090 ਮਿਤੀ 07.02.2020 ਨਾਲ ਇਸ ਮਤੇ ਸਬੰਧੀ ਮੋਹਾਲੀ ਟੈਕਸੀ ਓਪਰੇਟਰ ਯੂਨੀਅਨ ਵੱਲੋਂ ਪ੍ਰਾਪਤ ਸ਼ਿਕਾਇਤ ਦੀ ਕਾਪੀ ਭੇਜਦੇ ਹੋਏ ਲਿਖਿਆ ਗਿਆ ਹੈ ਕਿ ਇਸ ਮਤੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਮੋਹਾਲੀ ਵੱਲੋਂ ਟਿੱਪਣੀ/ ਰਿਪੋਰਟ ਭੇਜੀ ਜਾਵੇ।<br>ਮੋਹਾਲੀ ਟੈਕਸੀ ਓਪਰੇਟਰ ਯੂਨੀਅਨ ਵੱਲੋਂ ਮਾਨਯੋਗ ਡਾਇਰੈਕਟਰ,ਸਥਾਨਕ ਸਰਕਾਰ,ਪੰਜਾਬ ਜੀ ਨੂੰ ਬੇਨਤੀ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਨਗਰ ਨਿਗਮ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਇੱਕ ਟੈਕਸੀ ਸਟੈਂਡ ਦੇ ਇੱਕ ਓਪਰੇਟਰ ਕੋਲ ਘੱਟੋ-ਘੱਟ 15 ਗੱਡੀਆਂ ਹੋਣੀਆਂ ਜਰੂਰੀ ਹਨ।ਜੋ ਕਿ ਸੰਭਵ ਨਹੀਂ ਹੈ ਕਿਉਂਕਿ ਮਲਟੀਪਰਪਜ ਕੰਪਨੀਆਂ ਜਿਵੇਂ ਕਿ ਔਲਾ, ਉਬਰ ਨਾਮ ਦੀਆਂ ਕੰਪਨੀਆਂ ਟਰਾਈ-ਸਿਟੀ ਵਿੱਚ ਕੰਮ ਕਰ ਰਹੀਆਂ ਹਨ, ਜਿੰਨ੍ਹਾਂ ਨੇ ਉਨ੍ਹਾਂ ਦਾ ਕੰਮ ਬਹੁਤ ਘਟਾ ਦਿੱਤਾ ਹੈ।ਜਿੰਨ੍ਹਾਂ ਓਪਰੇਟਰਾਂ ਕੋਲ 10-15 ਗੱਡੀਆਂ ਹਨ ਉਨ੍ਹਾਂ ਨੂੰ ਵੇਚਣੀਆ ਪੈ ਰਹੀਆਂ ਹਨ ਅਤੇ ਹੁਣ 4-5 ਗੱਡੀਆਂ ਹੀ ਰਹਿ ਗਈਆਂ ਹਨ। ਟੈਕਸੀਆਂ ਦਾ ਕੰਮ | ਇਸ ਤਜਵੀਜ਼ ਤੇ ਮੁੜ ਵਿਚਾਰ ਕਰਦੇ ਹੋਏ 15 ਗੱਡੀਆ ਦੀ ਬਜਾਏ 10 ਗੱਡੀਆ ਵਾਲੇ ਟੈਕਸੀ ਸਟੈਂਡਾ ਨੂੰ ਅਲਾਟ/ ਰੈਗੂਲਾਈਜ਼ ਕਰਨਾ ਅਤੇ ਟੈਕਸੀ ਸਟੈਂਡ ਮਾਲਕਾਂ ਤੋਂ ਪਹਿਲਾਂ ਲਏ ਗਏ ਹਾਊਸ ਦੇ ਫੈਸਲੇ ਅਨੁਸਾਰ ਹੀ 1000/-ਰੁਪਏ ਪ੍ਰਤੀ ਟੈਕਸੀ ਪ੍ਰਤੀ ਮਹੀਨਾ ਕਿਰਾਇਆ ਪਿਛਲੇ ਸਮੇਂ ਤੋਂ ਹੀ ਲੈਣਾ ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਬਾਹਰਲੀਆਂ ਕੰਪਨੀਆਂ ਆਉਣ ਕਰਕੇ ਠੱਪ ਹੋ ਗਿਆ ਹੈ। ਟੈਕਸੀ ਸਟੈਂਡ ਓਪਰੇਟਰ ਮੋਹਾਲੀ ਸ਼ਹਿਰ ਦੇ ਹੀ ਲੋਕਲ ਸ਼ਹਿਰੀ ਹਨ।ਇਸ ਕਰਕੇ ਉਨ੍ਹਾਂ ਦੇ ਕੰਮ ਕਾਰਜ ਨੂੰ ਦੇਖਦੇ ਹੋਏ ਤਰਸ ਦੇ ਅਧਾਰ ਤੇ ਪੁਰਾਣੇ ਪੱਧਰ ਤੇ ਟੈਕਸੀ ਸਟੈਂਡ ਅਲਾਟ ਕੀਤੇ ਜਾਣ ਦੀ ਸੂਰਤ ਵਿੱਚ ਜਿਵੇਂ ਕਿ ਪਿਛਲੇ ਰੈਂਟ ਵਸੂਲ ਕਰਨ ਦੀ ਗੱਲ ਕਹੀ ਗਈ ਹੈ ਉਸ ਮੁਤਾਬਿਕ ਗਮਾਡਾ ਅਤੇ ਨਗਰ ਨਿਗਮ ਨੇ ਟੈਕਸੀ ਸਟੈਂਡ ਓਪਰੇਟਰਾਂ ਨੂੰ ਪਾਣੀ ਅਤੇ ਸੀਵਰੇਜ ਦੀ ਸਹੂਲਤ ਨਹੀਂ ਦਿੱਤੀ ਹੈ।ਟੈਕਸੀ ਸਟੈਂਡ ਓਪਰੇਟਰਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਪ੍ਰਤੀ ਟੈਕਸੀ ਕਿਰਾਇਆ ਵੀ ਘੱਟ ਕੀਤਾ ਜਾਵੇ ਅਤੇ ਬਿਨ੍ਹਾਂ ਕਿਸੇ ਸਹੂਲਤ ਦਿੱਤੇ ਅਲਾਟਮੈਂਟ ਤੇ ਕੋਈ ਪਿਛਲਾ ਕਿਰਾਇਆ ਨਾ ਵਸੂਲ ਕੀਤਾ ਜਾਵੇ।<br>ਸਰਕਾਰ ਦੇ ਉਪਰੋਕਤ ਪੱਤਰ ਵਿੱਚ ਮੰਗੀ ਗਈ ਟਿੱਪਣੀ/ ਰਿਪੋਰਟ ਸਬੰਧੀ ਦੱਸਿਆ ਜਾਂਦਾ ਹੈ ਕਿ ਟੈਕਸੀ ਓਪਰੇਟਰ ਯੂਨੀਅਨ ਵੱਲੋਂ ਦਿੱਤੇ ਗਏ ਬੇਨਤੀ ਪੱਤਰ ਤੇ ਵਿਚਾਰ ਕਰਦੇ ਹੋਏ ਦੋ ਮੰਗਾਂ ਮੁੱਖ ਤੌਰ ਤੇ ਸਾਹਮਣੇ ਆਉਂਦੀਆਂ ਹਨ :-<br>1) ਮਾਨਯੋਗ ਹਾਊਸ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਘੱਟੋ-ਘੱਟ 15 ਗੱਡੀਆਂ ਵਾਲੇ ਟੈਕਸੀ ਸਟੈਂਡ ਨੂੰ ਰੈਗੂਲਾਈਜ ਕਰਨ ਦੀ ਥਾਂ ਤੇ 4-5 ਗੱਡੀਆਂ ਵਾਲੇ ਟੈਕਸੀ ਸਟੈਂਡ ਨੂੰ ਰੈਗੂਲਾਈਜ ਕਰਨ ਬਾਰੇ।<br>2) ਟੈਕਸੀ ਸਟੈਂਡ ਮਾਲਕਾਂ ਵੱਲੋਂ ਮਾਨਯੋਗ ਹਾਊਸ ਵੱਲੋਂ ਪਾਸ ਕੀਤਾ ਗਿਆ 1000/-ਰੁਪਏ ਪ੍ਰਤੀ ਟੈਕਸੀ ਪ੍ਰਤੀ ਮਹੀਨਾ ਕਿਰਾਇਆ ਘਟਾਉਣ ਬਾਰੇ।<br>ਟੈਕਸੀ ਓਪਰੇਟਰ ਯੂਨੀਅਨ ਮੋਹਾਲੀ ਦੀਆਂ ਮੰਗਾਂ ਨੂੰ ਵਿਚਾਰਨ ਉਪਰੰਤ ਹੀ ਹਾਊਸ ਵੱਲੋਂ ਮਤਾ ਨੰ: 602 ਮਿਤੀ 26.12.2019 ਸਰਬ ਸੰਮਤੀ ਨਾਲ ਪਾਸ ਕਰਕੇ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਸੀ।ਇਹਨਾਂ ਦੋਨਾਂ ਮੰਗਾਂ ਉਪਰ ਮੁੜ ਤੋਂ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਮਾਨਯੋਗ ਹਾਊਸ ਦਾ ਹੈ।ਇਸ ਲਈ ਉਕਤ ਮਤੇ ਸਬੰਧੀ ਸਰਕਾਰ ਨੂੰ ਟਿੱਪਣੀ/ ਰਿਪੋਰਟ ਭੇਜਣ ਤੋਂ ਪਹਿਲਾਂ ਮੋਹਾਲੀ ਟੈਕਸੀ ਓਪਰੇਟਰ ਯੂਨੀਅਨ ਦੀਆਂ ਉਕਤ ਮੰਗਾਂ ਤੇ ਵਿਚਾਰ ਕਰਨ ਸਬੰਧੀ ਕੇਸ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 12 | 644 | 10.04.20 | **ਕੋਵਿਡ-19 ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਸੰਕਟ ਦੀ ਘੜੀ ਵਿੱਚ ਨਗਰ ਨਿਗਮ, ਮੋਹਾਲੀ ਵੱਲੋਂ ਪੰਜਾਬ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਵਿੱਚ 3.00 ਕਰੋੜ ਦੇਣ ਬਾਰੇ।**<br>ਮਾਨਯੋਗ ਮੇਅਰ,ਨਗਰ ਨਿਗਮ, ਐਸ.ਏ.ਐਸ.ਨਗਰ ਜੀ ਵੱਲੋਂ ਇਹ ਤਜਵੀਜ਼ ਕੀਤੀ ਗਈ ਹੈ ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਕਰੋਨਾ ਵਾਇਰਸ ਦੁਨੀਆ ਦੇ ਹੋਰ ਦੇਸ਼ਾਂ ਤੋਂ ਇਲਾਵਾ ਭਾਰਤ ਵਿੱਚ ਵੀ ਪਹੁੰਚ ਚੁੱਕਾ ਹੈ ਅਤੇ ਇਸਨੂੰ ਮਾਹਮਾਰੀ ਵਜੋਂ ਘੋਸ਼ਿਤ ਕੀਤਾ ਗਿਆ ਹੈ। ਇਸ ਦੇ ਫਲਾਅ ਨੂੰ ਰੋਕਣ ਲਈ ਸਰਕਾਰਾਂ ਵੱਲੋਂ ਹਿੰਦੁਸਤਾਨ ਵਿੱਚ ਲੌਕਡਾਉਨ ਅਤੇ ਪੰਜਾਬ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ, ਜਿਸ ਨਾਲ ਆਮ ਜਿੰਦਗੀ ਅਤੇ ਸਾਰੇ ਕਾਰੋਬਾਰ ਠੱਪ ਹੋ ਗਏ ਹਨ। ਬੇਰੁਜ਼ਗਾਰ/ਗਰੀਬ ਅਤੇ ਬੇਘਰੇ ਲੋਕਾਂ ਲਈ ਰਾਸ਼ਨ,ਦਵਾਈਆਂ ਅਤੇ ਹੋਰ ਘਰੈਲੂ ਵਾਸਤਾਂ ਅਤੇ ਜਾਨਵਰਾਂ ਲਈ ਚਾਰਾ, ਤੂੜੀ ਅਤੇ ਖਾਣ ਦਾ ਹੋਰ ਸਮਾਨ ਲੈਣਾ ਮੁਸ਼ਕਲ ਹੋ ਗਿਆ | ਤਜਵੀਜ਼ ਅਨੁਸਾਰ ਪੰਜਾਬ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਵਿੱਚ 3.00 ਕਰੋੜ ਰੁਪਏ ਦੀ ਰਾਸ਼ੀ ਨਗਰ ਨਿਗਮ ਦੇ ਫੰਡਾਂ ਵਿਚੋਂ ਦੇਣਾ ਸਰਬ ਸੰਮਤੀ ਨਾਲ ਪ੍ਰਵਾਨ ਹੈ।<br>ਇਸ ਤੋਂ ਇਲਾਵਾ ਸ੍ਰੀ ਮਨਜੀਤ ਸਿੰਘ ਸੇਠੀ,ਡਿਪਟੀ |

| | | | | |
|---|---|---|---|---|
| | | | ਹੈ।ਇਸ ਅਪਾਤਕਾਲ ਸਥਿਤੀ ਵਿੱਚ ਇਹਨਾਂ ਲੋਕਾਂ ਅਤੇ ਜਾਨਵਰਾਂ ਦੀ ਮਦਦ ਕਰਨ ਲਈ ਰਾਸ਼ਨ/ਖਾਣਾ,ਮੈਡੀਕਲ ਸਹੂਲਤਾਂ ਅਤੇ ਹੋਰ ਸਮਾਨ ਦਾ ਇੰਤਜ਼ਾਮ ਸਰਕਾਰਾਂ ਅਤੇ ਹੋਰ ਸੰਸਥਾਵਾਂ ਵੱਲੋਂ ਕੀਤਾ ਜਾ ਰਿਹਾ ਹੈ।ਇਹਨਾ ਆਈਟਮਾਂ ਲਈ ਕਾਫੀ ਵੱਡੀ ਮਾਤਰਾਂ ਵਿੱਚ ਫੰਡਾਂ ਦੀ ਜ਼ਰੂਰਤ ਹੈ। ਪਰੰਤੂ ਅਜਿਹੀ ਸਥਿਤੀ ਵਿੱਚ ਸਰਕਾਰਾਂ ਵੱਲੋਂ ਲੋੜਬੰਦਾਂ ਨੂੰ ਲੋੜੀਂਦੀਆਂ ਵਸਤਾਂ,ਦਵਾਈਆਂ,ਰਾਸ਼ਨ ਆਦਿ ਦੇਣਾ ਲਾਜ਼ਮੀ ਹੈ ਤਾਂ ਜੋ ਇਸ ਸਥਿਤੀ ਵਿੱਚ ਗਰੀਬ/ਬੇਘਰੇ ਲੋਕ ਅਤੇ ਜਾਨਵਰ ਭੁੱਖਮਰੀ ਦਾ ਸ਼ਿਕਾਰ ਨਾ ਹੋ ਸਕਣ। ਇਹ ਸਾਰਾ ਕੁੱਝ ਸਰਕਾਰ ਤਾਂ ਹੀ ਕਰ ਸਕੇਗੀ ਜੇਕਰ ਸਰਕਾਰ ਦੇ ਖਜ਼ਾਨੇ ਵਿੱਚ ਲੋੜੀਂਦੇ ਫੰਡ ਹੋਣਗੇ।ਇਸ ਲਈ ਮਾਨਯੋਗ ਮੁੱਖ ਮੰਤਰੀ,ਪੰਜਾਬ ਜੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਰਾਹਤ ਕੋਵਿਡ-19 ਲਈ ਫੰਡਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿਓ।<br>ਇੱਥੇ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਉਕਤ ਸਥਿਤੀ ਕਾਰਨ ਸ਼ਹਿਰ ਵਿੱਚ ਵੀ ਵਿਕਾਸ ਦੇ ਕੰਮ ਬੰਦ ਹੋ ਗਏ ਹਨ, ਪਰੰਤੂ ਨਗਰ ਨਿਗਮ, ਐਸ.ਏ.ਐਸ.ਨਗਰ ਪਾਸ 25.00 ਕਰੋੜ ਦੀ ਰਕਮ ਪਈ ਹੈ । ਇਸ ਤੋਂ ਇਲਾਵਾ 100 ਕਰੋੜ ਰੁਪਏ ਗਮਾਡਾ ਤੋਂ ਲਏ ਜਾਣੇ ਹਨ।ਇਸ ਤਰ੍ਹਾਂ ਨਗਰ ਨਿਗਮ ਪਾਸ ਮੁਲਾਜ਼ਮਾਂ ਦੀਆ ਤਨਖਾਹਾ, ਬਿਜਲੀ ਦੇ ਬਿੱਲ, ਅਚਨਚੇਤ ਖਰਚੇ ਅਤੇ ਜੇਕਰ ਕਿਤੇ ਜ਼ਰੂਰਤ ਹੋਵੇ ਤਾਂ ਡਿਵੈਲਪਮੈਂਟ ਵਾਸਤੇ ਵੀ ਮੁਨਾਸਿਬ/ਲੋੜੀਂਦੇ ਫੰਡ ਪਏ ਹਨ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਿਤੀ 23/3/2020 ਰਾਂਹੀ ਕੈਮੀਕਲ (**ਡਿਸ**ਇਨਫੈਕਟ) ਦਵਾਈਆਂ,ਗਲਵਜ਼, ਮਾਸਕ, ਸੈਨੀਟਾਈਜ਼ਰ, ਪ੍ਰਸ਼ਨਲ ਪ੍ਰੋਟੈਕਸ਼ਨ ਕਿੱਟਾ, ਅਤੇ ਹੋਰ ਆਈਟਮਾਂ ਦੀ ਖਰੀਦ ਲਈ 15.00 ਲੱਖ ਅਤੇ ਸ਼ਹਿਰ ਵਿੱਚ ਬੇਰੁਜ਼ਗਾਰ/ਗਰੀਬ ਅਤੇ ਬੇਘਰੇ ਲੋਕਾਂ ਲਈ ਰਾਸ਼ਨ ਅਤੇ ਜਾਨਵਰਾਂ ਲਈ ਚਾਰਾ, ਤੂੜੀ ਅਤੇ ਖਾਣ ਦਾ ਹੋਰ ਸਮਾਨ ਉਪਲੱਬਧ ਕਰਵਾਉਣ ਲਈ 15.00 ਲੱਖ ਅਤੇ ਫੌਗਿੰਗ ਦੀ ਸਪਰੇਅ ਲਈ 5.00 ਲੱਖ ਰੁਪਏ ਪਾਸ ਕੀਤੇ ਗਏ ਹਨ।<br>ਨਗਰ ਨਿਗਮ ਐਸ.ਏ.ਐਸ.ਨਗਰ ਪਾਸ ਪਏ ਫੰਡਾਂ ਵਿੱਚੋ 3.00 ਕਰੋੜ ਰੁਪਏ ਇਸ ਸੰਕਟ ਦੀ ਘੜੀ ਵਿੱਚ ਪੰਜਾਬ ਮੁੱਖ ਮੰਤਰੀ ਕੋਵਿਡ ਰਾਹਤ ਫੰਡ ਵਿੱਚ ਦੇ ਕੇ ਜਿੱਥੇ ਸਰਕਾਰ ਨੂੰ ਸਹਿਯੋਗ ਹੋਵੇਗਾਂ, ਉਥੇ ਇਹ ਵੀ ਸਾਬਿਤ ਹੋਵੇਗਾ ਕਿ ਸਮੂਹ ਸ਼ਹਿਰ ਨਿਵਾਸੀ ਅਤੇ ਨਗਰ ਨਿਗਮ, ਐਸ.ਏ.ਐਸ.ਨਗਰ ਹਰ ਪੱਖੋਂ ਪੰਜਾਬ ਸਰਕਾਰ ਨਾਲ ਖੜ੍ਹੀ ਹੈ।ਅਜਿਹਾ ਕਰਨ ਲਈ ਹਾਊਸ ਦੀ ਪ੍ਰਵਾਨਗੀ ਲੈਣੀ ਬਣਦੀ ਹੈ।ਸੋ ਤਜਵੀਜ਼ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਮੇਅਰ ਅਤੇ ਹੋਰ ਮੈਂਬਰਾਂ ਵੱਲੋਂ ਕਿਹਾ ਗਿਆ ਕਿ ਸਿਵਲ ਹਸਪਤਾਲ ਫੇਜ਼-6 ਮੋਹਾਲੀ ਵਿੱਚ ਵੈਂਟੀਲੇਟਰਾਂ ਦੀ ਘਾਟ ਹੈ ਇਸ ਵਾਸਤੇ ਵੀ ਕੁੱਝ ਫੰਡ ਜਾਰੀ ਕਰਨੇ ਚਾਹੀਦੇ ਹਨ। ਇਸ ਬਾਰੇ ਸਰਬ ਸੰਮਤੀ ਨਾਲ ਫੈਸਲਾ ਲੈਂਦੇਂ ਹੋਏ ਸਿਵਲ ਹਸਪਤਾਲ, ਫੇਜ਼-6 ਮੋਹਾਲੀ ਲਈ ਵੈਂਟੀਲੇਟਰ ਅਤੇ ਪੀਪੀ ਕਿੱਟਾਂ ਆਦਿ ਦੀ ਖਰੀਦ ਲਈ 50.00 ਲੱਖ ਰੁਪਏ ਵੀ ਦੇਣੇ ਪ੍ਰਵਾਨ ਕੀਤੇ ਗਏ।ਇਸ ਅਪਾਤਕਾਲ ਸਥਿਤੀ ਨੂੰ ਦੇਖਦੇ ਹੋਏ ਕਮਿਸ਼ਨਰ, ਨਗਰ ਨਿਗਮ ਜੀ ਨੂੰ ਕਿਹਾ ਗਿਆ ਕਿ ਉਕਤ ਰਾਸੀ ਤੁਰੰਤ ਜਾਰੀ ਕੀਤੀ ਜਾਵੇ।ਜੇਕਰ ਇਸ ਸਬੰਧੀ ਸਰਕਾਰ ਦੀ ਪ੍ਰਵਾਨਗੀ ਲੋੜੀਂਦੀ ਹੈ ਤਾਂ ਉਹ ਨਿੱਜੀ ਪੱਧਰ ਤੇ ਪ੍ਰਾਪਤ ਕਰ ਲਈ ਜਾਵੇ।<br>ਇਸ ਤੋਂ ਇਲਾਵਾ ਮੈਬਰਾਂ ਵੱਲੋਂ ਦਿੱਤੇ ਗਏ ਹੋਰ ਸੁਝਾਅ ਜਿਵੇਂ ਕਿ ਸਫ਼ਾਈ ਸੇਵਕਾਂ ਲਈ ਮਾਸਕ, ਗਲਵਜ਼, ਪ੍ਰਸ਼ਨਲ ਪ੍ਰੋਟੈਕਸ਼ਨਕਿੱਟਾਂ, ਸੈਨੀਟਾਈਜ਼ਰ, ਸਾਬਣ, ਦਵਾਈਆਂ ਆਦਿ, ਲੋੜਬੰਦਾਂ ਲਈ ਰਾਸ਼ਨ ਦਾ ਪ੍ਰਬੰਧ ਅਤੇ ਸਾਰੇ ਸ਼ਹਿਰ ਨੂੰ ਸੈਨੀਟਾਈਜ਼ ਕਰਵਾਉਣ ਬਾਰੇ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਦੱਸਿਆ ਗਿਆ ਇਹਨਾ |

| | | | | |
|---|---|---|---|---|
| | | | | ਤੇ ਨਗਰ ਨਿਗਮ ਵੱਲੋਂ ਪਹਿਲਾਂ ਹੀ ਕਾਰਵਾਈ ਕੀਤੀ ਜਾ ਰਹੀ ਹੈ।<br><br>ਹੋਰ ਦਿੱਤੇ ਜਾਣ ਵਾਲੇ ਫੰਡਾਂ ਸਬੰਧੀ ਨਗਰ ਨਿਗਮ ਦੀ ਵਿੱਤੀ ਹਾਲਤ ਨੂੰ ਦੇਖਦੇ ਹੋਏ ਵਿਚਾਰਿਆ ਜਾਵੇਗਾ। |
| 13 | 645 | 10.04.20 | **ਹੇਠ ਲਿਖੀ ਆਈਟਮ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀ ਗਈ:-**<br>**ਰੈਣ ਬਸੇਰੇ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਤਨਖਾਹ ਦੇਣ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਨਗਰ ਨਿਗਮ ਵੱਲੋਂ ਸ਼ੈਲਟਰ ਫਾਰ ਅਰਬਨ ਹੋਮਲੈੱਸ ਫੈਜ਼-6 ਦੀ ਦੇਖਭਾਲ ਕੀਤੀ ਜਾਂਦੀ ਹੈ।ਇਸ ਸ਼ੈਲਟਰ ਵਿੱਚ 6 ਕਰਮਚਾਰੀ ਅਤੇ 1 ਮੈਨੇਜਰ ਸਮੇਤ ਕੁੱਲ 7 ਕਰਮਚਾਰੀ ਕੰਮ ਕਰਦੇ ਹਨ।ਇਨ੍ਹਾ ਕਰਮਚਾਰੀਆਂ ਦੀ ਤਨਖਾਹ ਸਬੰਧੀ ਨਗਰ ਨਿਗਮ ਵੱਲੋ ਮਤਾ ਨੰ.603 ਮਿਤੀ 26-12-2019 ਨੂੰ ਮਿਤੀ 01-01-2020 ਤੋਂ 31-12-2020 ਤੱਕ ਪ੍ਰਵਾਨਗੀ ਲਈ ਸਰਕਾਰ ਨੂੰ ਭੇਜਿਆ ਗਿਆ ਸੀ ਇਸ ਮਤੇ ਸਬੰਧੀ ਸਰਕਾਰ ਨੇ ਆਪਣੇ ਪੱਤਰ ਨੰ.ਸ5-ਡਸਸ-ਮਸਸ-2020/8090 ਮਿਤੀ 7-02-2020 ਰਾਹੀਂ ਆਊਟ ਸੋਰਸ ਦੇ ਸਮੇਂ ਵਿੱਚ ਸਿਰਫ 31-03-2020 ਤੱਕ ਦੀ ਪ੍ਰਵਾਨਗੀ ਸਰਕਾਰ ਦੇ ਅਗਲੇ ਹੁਕਮਾਂ ਤੱਕ ਦਿੱਤੀ ਗਈ ਸੀ।ਇੱਥੇ ਇਹ ਦੱਸਣਾ ਉੱਚਿਤ ਹੋਵੇਗਾ ਕਿ ਇਹ ਕਰਮਚਾਰੀ ਲਗਾਤਾਰ ਇਸ ਨਾਈਟ ਸ਼ੈਲਟਰ ਵਿੱਚ ਕੰਮ ਕਰ ਰਹੇ ਹਨ ਅੱਗੇ ਤੋਂ ਵੀ ਇਨਾ ਕਰਮਚਾਰੀਆਂ ਦੀ ਜ਼ਰੂਰਤ ਹੈ।ਹੁਣ ਸਰਕਾਰ ਨੇ ਆਪਣੇ ਪੱਤਰ ਨੰ.12/5/2017-4ਪੀ.ਪੀ.3/366 ਮਿਤੀ 29-03-2020 ਰਾਹੀਂ ਆਊਟ ਸੋਰਸ ਕਾਮਿਆਂ ਦੇ ਸਮੇਂ ਵਿੱਚ ਮਿਤੀ 31-03-2021 ਤੱਕ ਵਾਧਾ ਕਰਨਾ ਪ੍ਰਵਾਨ ਕੀਤਾ ਗਿਆ ਹੈ।ਇਸ ਲਈ ਨਵੇਂ ਸਿਰੇ ਤੋਂ ਮਿਤੀ 01-04-2020 ਤੋਂ ਲੈ ਕੇ ਮਿਤੀ 31-03-2021 ਤੱਕ ਦੀ ਉਕਤ ਕਰਮਚਾਰੀਆਂ ਦੀ ਤਨਖਾਹ ਦੀ ਅਦਇਗੀ ਦੀ ਪ੍ਰਵਾਨਗੀ ਲਈ ਤਖਮੀਨਾ ਹੇਠ ਲਿਖੇ ਅਨੁਸਾਰ ਹੈ।<br><br>1. ਇੱਕ ਕਰਮਚਾਰੀ ਪ੍ਰਤੀ ਮਹੀਨਾ ਦਾ ਡੀ.ਸੀ ਰੇਟ - 8777/-<br>2. ਇੱਕ ਕਰਮਚਾਰੀ ਪ੍ਰਤੀ ਮਹੀਨਾ ਈ.ਪੀ .ਐੱਫ 13% - 1141/-<br>3. ਇੱਕ ਕਰਮਚਾਰੀ ਪ੍ਰਤੀ ਮਹੀਨਾ ਈ.ਐੱਸ.ਆਈ 3.25%- 285/-<br>4. ਇੱਕ ਕਰਮਚਾਰੀ ਪ੍ਰਤੀ ਮਹੀਨਾ ਸਰਵਿਸ ਚਾਰਜ 1% - 88/- | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ..........................<br>ਕੁੱਲ ਰਕਮ - 10291/-<br><br>ESTIMATE FOR 7 Employee For ONE Month 10291 X 7 = 72,037/-<br>ESTIMATE FOR 7 Employee For ONE Year 72,037 X 12 = 8,64,444/-<br>....................<br><br>ਉਕਤ ਤੱਥਾਂ ਦੇ ਆਧਾਰ ਤੇ ਸ਼ੈਲਟਰ ਦੇ 7 ਕਰਮਚਾਰੀਆਂ ਦੀ ਤਨਖਾਹ ਦੀ ਅਦਾਇਗੀ ਦੀ ਸਲਾਨਾ ਰਕਮ 8,64,444/-ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ।ਇੱਥੇ ਇਹ ਦੱਸਣਾ ਉੱਚਿਤ ਹੋਵਗਾ ਕਿ ਸ਼ੈਲਟਰ ਦੇ ਕਰਮਚਾਰੀਆਂ ਦੀ ਤਨਖਾਹ ਸਬੰਧੀ ਨਵਾ ਕੰਟਰੈਕਟ ਮਿਤੀ 01-04-2020 ਤੋਂ ਸੰਪਰਕ ਸਰਵਿਸਿਜ਼ ਨਾਲ ਇਮਪੈਨਲ ਕੀਤਾ ਗਿਆ ਹੈ।ਜਿਸਦੀ ਮਿਆਦ ਮਿਤੀ 31-03-2021 ਤੱਕ ਹੈ।ਇਸ ਲਈ ਤਨਖਾਹ ਦੀ ਅਦਾਇਗੀ ਦੀ ਸਲਾਨਾ ਰਕਮ 8,64,444/-ਰੁਪਏ ਦੇ ਖਰਚੇ ਦੀ ਪ੍ਰਵਾਨਗੀ ਮਿਉਂਸਪਲ ਫੰਡਾਂ ਵਿੱਚੋਂ ਕਰਨ ਸਬੰਧੀ ਰਿਪੋਰਟ ਕਮਿਸ਼ਨਰ,ਨਗਰ ਨਿਗਮ ਜ਼ੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੈਸ਼ ਹੈ। | |

ਸਹੀ/-
ਮੇਅਰ
ਨਗਰ ਨਿਗਮ,
ਐਸ.ਏ.ਐਸ.ਨਗਰ।